# ਆਤਮ ਰੰਗ

ਜਿਲਦ ੨੫ ਜੂਨ 2024 ਜੇਠ-ਹਾੜ 556 ਨਾਨਕਸ਼ਾਹੀ June 2024 ਅੰਕ 6

## ਗੁਰਦੁਆਰਾ ਤਪੋਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ (ਟਰੱਸਟ), ਕੁਮਾਰਹੱਟੀ



ਸਾਲਾਨਾ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਤਪੋਵਨ, ਭਾਈ ਸਾਹਿਬ ਭਾਈ ਰਣਧੀਰ ਸਿੰਘ (ਟਰੱਸਟ), ਕੁਮਾਰਹੱਟੀ ਵਿਖੇ ਮਿਤੀ 14.06.2024 ਤੋਂ ਲੈ ਕੇ 16.06.2024 ਦੁਪਹਿਰ ਤਕ ਅਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ ਵੱਲੋਂ ਮਨਾਇਆ ਜਾ ਰਿਹਾ ਹੈ। ਸੰਗਤਾਂ ਨੋਟ ਕਰਨ ਤੇ ਦਰਸ਼ਨ ਦਿਦਾਰੇ ਬਖਸ਼ਣ ਜੀ। ਸਮਾਗਮ ਦਾ ਵੇਰਵਾ ਪੇਜ ਨੰ. 41 ਤ ਦਿੱਤਾ ਹੋਇਆ ਹੈ।

# ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥













ਹਰ ਸਾਲ ਦੀ ਤਰ੍ਹਾਂ ਸਾਲਾਨਾ ਅਖੰਡ ਕੀਰਤਨ ਸਮਾਗਮ, ਕਥਾ ਅਸਥਾਨ ਸ੍ਰੀ ਦਰਬਾਰ ਸਾਹਿਬ, ਤਰਨਤਾਰਨ ਵਿਖੇ ਅਖੰਡ ਕੀਰਤਨੀ ਜੱਥਾ, ਤਰਨਤਾਰਨ ਵੱਲੋਂ ਮਿਤੀ 02.05.2024 ਤੋਂ ਲੈ ਕੇ 05.05.2024 ਅੰਮ੍ਰਿਤ ਵੇਲੇ ਤਕ ਮਨਾਇਆ ਗਿਆ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

੧ੴ ਠਾਕੁਰ ਗਾਈਐ ਆਤਮ ਰੰਗਿ ੧ੴ

# ਆਤਮ ਰੰਗ

AKKHAND KIRTANI JATHA (REGD.) ·ਅਖੰਡ ਕੀਰਤਨੀ ਜਥਾ·

ਅਖੰਡ ਕੀਰਤਨੀ ਜਥਾ (ਰਜਿ.) ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਜਿਲਦ ੨੫ ਜੂਨ 2024 ਜੇਠ-ਹਾੜ 556 ਨਾਨਕਸ਼ਾਹੀ June 2024 ਅੰਕ 6

**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ

**ਮੁੱਖ ਸੰਪਾਦਕ**
*ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ*

**ਦਫ਼ਤਰ**
*245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)*
*ਫ਼ੋਨ ਅਤੇ ਵਟਸਐਪ : 98143-00245, 75289-00045*
**E-mail :** atamrang3@gmail.com
**Website :** www.akjatamrangmagazine.org

**ਸਲਾਹਕਾਰ**

ਭਾਈ ਕੁਲਵੰਤ ਸਿੰਘ, ਕਾਕੀ ਪਿੰਡ
ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ
ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ
ਭਾਈ ਗੁਰਬੱਚਨ ਸਿੰਘ, ਦਿਆਲਪੁਰ
ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ
ਭਾਈ ਪਰਮਿੰਦਰ ਸਿੰਘ, ਮੋਗਾ/ਸ਼ਿਕਾਗੋ

**ਕਾਨੂੰਨੀ ਸਲਾਹਕਾਰ**
ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ
ਐਡਵੋਕੇਟ ਭਾਈ ਬਲਜੀਤ ਸਿੰਘ ਖਾਲਸਾ

**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.), ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ

## ਤਤਕਰਾ


- ਸੰਪਾਦਕੀ 5
- ਬਾਰਹ ਮਾਹ ਕਥਾ 6
  *– ਡਾ. ਤਾਰਨ ਸਿੰਘ ਜੀ*
- ਅਣਡਿੱਠੀ ਦੁਨੀਆ 7
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਧਰਮ-ਪਰਚਾਰ ਲਈ ਪੂਰਨ ਪੁਰਖਾਂ ਦੀ ਲੋੜ 9
  *– ਪ੍ਰੋਫੈਸਰ ਸਾਹਿਬ ਸਿੰਘ ਜੀ*
- ਸ੍ਰੀ ਗੁਰੂ ਅਰਜਨ ਦੇਵ ਜੀ 12
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਲਾਸਾਨੀ ਕੁਰਬਾਨੀ ਪੰਜਵੇਂ ਨਾਨਕ ਦੀ 14
  *– ਪ੍ਰਿੰਸੀਪਲ ਸੱਜਣ ਸਿੰਘ ਜੀ*
- ਮਹਾਨ ਸ਼ਹੀਦੀ ਸਮੇਂ ਅਡੋਲਤਾ ਦਾ ਆਧਾਰ 18
  *– ਭਾਈ ਨਰੈਣ ਸਿੰਘ ਜੀ*
- ਰਹਿੰਦੇ ਗੁਰ ਦਰੀਆਉ ਵਿਚਿ 21
- ਸ਼ਹੀਦੀ ਗੁਰੂ ਅਰਜਨ ਦੇਵ ਜੀ 24
  *– ਭਾਈ ਗੁਰਦੇਵ ਸਿੰਘ ਗੌਹਰ*
- ਗੁਰੂ ਅਰਜਨ ਦੇਵ ਜੀ – ਮੀਆਂ ਮੀਰ ਨੂੰ 25
  *– ਭਾਈ ਦਾਨ ਸਿੰਘ ਜੀ ਕੋਮਲ*
- ਗੁਰ ਅਰਜਨ ਵਿਟਹੁੰ ਕੁਰਬਾਨੀ 27
  *– ਭਾਈ ਨਰੈਣ ਸਿੰਘ ਜੀ*
- ਚੜ੍ਹਦੀ ਕਲਾ 31
  *– ਪ੍ਰੋਫੈਸਰ ਹਰਬੰਸ ਸਿੰਘ ਜੀ*
- ਭਾਈ ਕਲਿਆਣਾ ਜੀ 35
  *– ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ.*

## ਸੰਪਾਦਕੀ...

ਜੇਠ ਦੀ ਤਪਸ ਦੇ ਨਾਲ-ਨਾਲ ਸਿੱਖ ਧਰਮ ਵਿੱਚ ਗੁਰੂ ਸਾਹਿਬ ਸ੍ਰੀ ਗੁਰੂ ਅਰਨਜ ਦੇਵ ਜੀ ਦੀ ਸ਼ਹਾਦਤ ਦੀ ਤਪਸ ਕਈ ਗੁਣਾਂ ਵੱਧ ਜਾਂਦੀ ਹੈ। ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਦੋਹਤਰੇ ਤੇ ਚੌਥੀ ਪਾਤਸ਼ਾਹੀ ਧੰਨ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀਆਂ ਦੇ ਸਪੁੱਤਰ ਗੁਰੂ ਅਰਜਨ ਦੇਵ ਜੀ ਨੇ ਸੰਮਤ ੧੬੨੦ ਨੂੰ ਗੋਇੰਦਵਾਲ ਦੀ ਧਰਤ ਸੁਹਾਵੀ ਕੀਤੀ। ਗੁਰੂ ਸਾਹਿਬ ਦਾ ਸੰਕਲਪ, ਮਾਨਵਤਾ ਨੂੰ ਇਕ ਓਅੰਕਾਰ ਦਾ, ਭਗਤੀ ਦਾ, ਧਾਰਨੀ ਬਣਾਉਣਾ ਤੇ ਗੁਰੂ ਨਾਨਕ ਸਹਿਬ ਦੇ ਧਰਮ ਉਦੇਸ਼ਾਂ ਨੂੰ ਸੰਪੂਰਨ ਰੂਪ ’ਚ ਲਾਗੂ ਕਰਨਾ ਸੀ। ਜਿਸ ਕਾਰਜ ਲਈ ਔਕੜ ਆਉਣਾ ਲਾਜਮੀ ਸੀ ਅਤੇ ਗੁਰੂ ਸਾਹਿਬ ਦੀ ਸ਼ਹਾਦਤ ਦਾ ਇਹ ਵੀ ਕਾਰਣ ਬਣਿਆ। ਇਸ ਗੱਲ ਨੂੰ ਨਕਾਰਿਆ ਨਹੀਂ ਜਾ ਸਕਦਾ ਕਿ ਕੇਵਲ ਚੰਦੂ ਹੀ ਗੁਰੂ ਸਾਹਿਬ ਦੀ ਸ਼ਹਾਦਤ ਦਾ ਕਾਰਨ ਬਣਿਆ ਸਗੋਂ ਧਾਰਮਿਕ ਤਬਦੀਲੀ ਅਤੇ ਸਿੱਖ ਧਰਮ ਦੇ ਪ੍ਰਚਾਰ ਵਿੱਚ ਆਇਆ ਉਭਾਰ ਵੀ ਵੱਡਾ ਮੁੱਦਾ ਰਿਹਾ, ਜਿਸਨੇ ਮੁਗਲ ਹਕੂਮਤ ਨੂੰ ਕੂਚ ਕਰਨ ਲਈ ਮਜਬੂਰ ਕੀਤਾ। ਇਸ ਕਾਰਜ ਲਈ ਗੁਰੂ ਸਾਹਿਬ ਦੇ ਵੱਡੇ ਭਰਾ ਪਿਰਥੀ ਚੰਦ ਦੀ ਵਿਰੋਧਤਾ ਮਾਨੋ ਬਲਦੀ ਤੇ ਤੇਲ ਦਾ ਕੰਮ ਕਰ ਗਈ।

ਦਰਅਸਲ ਗੁਰੂ ਸਾਹਿਬ ਨੇ ਜਿਵੇਂ ਧਾਰਮਿਕ ਪ੍ਰਚਾਰ ਹਿੱਤ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਸਰਵ ਸਾਂਝੀਵਾਲਤਾ ਦੇ ਕੇਂਦਰ ਵਜੋਂ ਪ੍ਰਚਾਰਿਆ ਉਸ ਨਾਲ ਹੁਣ ਤੱਕ ਦੇ ਪਾਖੰਡਵਾਦ ਨੂੰ ਭਾਰੀ ਚੋਟ ਲੱਗੀ। ਹੁਣ ਹਰ ਧਰਮ ਦਾ ਪ੍ਰਾਣੀ ਪਵਿੱਤਰ ਸਰੋਵਰ ਚ ਇਸਨਾਨ ਵੀ ਕਰ ਸਕਦਾ ਸੀ ਤੇ ਸਿੱਖੀ ਦੇ ਕੇਂਦਰ ਵਜੋਂ ਸਥਾਪਿਤ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਵੀ। ਇਸ ਕਾਰਨ ਨਾਲ ਨੀਵੀਆਂ ਜਾਤਾਂ ਯਾਨੀ ਕਿ ਅਖੌਤੀ ਦਲਿਤਾਂ ਨੂੰ ਵੀ ਬਰਾਬਰਤਾ ਦਾ ਦਰਜਾ ਮਿਲਿਆ। ਨਾਲ ਹੀ ਬ੍ਰਹਮਣਵਾਦੀ ਤੇ ਮੁਸਲਿਮ ਰੀਤੀ ਰਿਵਾਜਾਂ ਚ ਫੱਸੇ ਲੋਕਾਂ ਨੂੰ ਖੁੱਲ ਕੇ ਪ੍ਰਭੂ ਦਰਸ਼ਨ ਦਾ ਅਵਸਰ ਪ੍ਰਾਪਤ ਹੋਇਆ। ਦੂਜਾ ਵੱਡਾ ਕਾਰਨ ਗੁਰੂ ਸਾਹਿਬ ਵੱਲੋਂ ਗੁਰਮਤਿ ਸਿਧਾਂਤਾਂ ਨਾਲ ਮੇਲ ਖਾਂਦੇ ਹੋਰਨਾਂ ਧਰਮਾਂ ਦੇ ਮਹਾਪੁਰਖਾਂ, ਭਗਤਾਂ ਦੀ ਬਾਣੀ ਨੂੰ ਅਤੇ ਗੁਰੂ ਸਾਹਿਬ ਵੱਲੋਂ ਆਪਣੀ ਰਚੀ ਨਿਰੰਕਾਰ ਦੀ ਬਾਣੀ ਦੇ ੧੪੧੬ ਸ਼ਬਦ, ੮੨ ਅਸ਼ਟਪਦੀਆਂ, ੨੧ ਛੰਡ, ੨੪ ਸੋਹਲੇ, ੧੦੨ ਪਉੜੀਆਂ, ੨੩੯ ਸਲੋਕ ਅਤੇ ੨੦ ਸਵਈਏ ਦਰਜ ਕਰਕੇ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਤਿਆਰ ਕਰਨਾ ਵੀ ਸੀ।

ਗੁਰੂ ਸਾਹਿਬ ਵੱਲੋਂ ਸਿੱਖੀ ਪ੍ਰਚਾਰ ਹਿੱਤ ਗੁਰਮਤਿ ਸੰਸਥਾਵਾਂ, ਦਾ ਵਧ ਰਿਹਾ ਪ੍ਰਚਾਰ, ਮੁਗਲ ਬਾਦਸ਼ਾਹ ਜਹਾਂਗੀਰ ਦੇ ਕੰਨੀ ਪੈ ਰਿਹਾ ਸੀ, ਉਹ ਕੱਟੜ ਮੁਸਲਮਾਨ ਸੀ ਤੇ ਚਾਹੁੰਦਾ ਸੀ ਕਿ ਗੁਰੂ ਸਾਹਿਬ ਵਰਗਾ ਮਹਾਂਪੁਰਖ, ਜੋ ਪ੍ਰਚਾਰਕ ਵੀ ਹੈ, ਮੁਸਲਿਮ ਹੋਏ, ਪਰ ਉਸਦੀਆਂ ਆਸਾਂ ਨੂੰ ਬੂਰ ਨਾ ਪਿਆ। ਮੌਕਾ ਭਾਲਦਾ ਭਾਲਦਾ ਚੰਦੂ ਦੀ ਚੁਗਲੀ ਤੇ ਪ੍ਰਿਥੀ ਚੰਦ ਦੀ ਈਰਖਾ ਨੇ ਉਸਨੂੰ ਠੋਸ ਕਾਰਨ ਦੇ ਦਿੱਤਾ।

ਗੁਰੂ ਅਰਜਨ ਪਾਤਸ਼ਾਹ ਜੀ ਦੀ ਸ਼ਹਾਦਤ ਨੇ ਇਨਕਲਾਬੀ ਰੋਹ ਅਖਤਿਆਰ ਕੀਤਾ, ਜਿਸਦਾ ਸਿੱਟਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਧਾਰਨ, ਮੀਰੀ ਅਤੇ ਪੀਰੀ ਦੀਆਂ ਤਲਵਾਰਾਂ ਜਰੀਏ ਸਿੱਖ, ਸ਼ਸਤਰ ਧਾਰਨੀ ਹੋ ਕੇ ਜੰਗਾਂ ਯੁੱਧਾਂ ਤੋਂ ਹੁੰਦਾ ਹੋਇਆ ਖਾਲਸਾ ਪ੍ਰਗਟ ਹੋਣ ਤੱਕ ਦਾ ਸਫਰ ਤੈਅ ਕਰ ਗਿਆ। ਪਰ ਆਧੁਨਿਕ ਸਿੱਖ ਨੇ ਸ਼ਾਇਦ ਸ਼ਹੀਦੀ ਦੇ ਸੰਕਲਪ ਚੋਂ ਹਾਲੇ ਬਹੁਤ ਕੁੱਝ ਪ੍ਰਾਪਤ ਕਰਨਾ ਹੈ। ਜਿਸ ਨੂੰ ਅਜੋਕੀ ਪੀੜੀ ਵਿਸਾਰਨ ਦੇ ਰਾਹ ਵੱਲ ਤੁਰ ਪਈ ਹੈ ਅਤੇ ਮੂਲ ਰੂਪ ਦਾ ਧਾਰਨੀ ਹੋਣ ਦਾ ਪ੍ਰਣ ਕਰਨ ਦੀ ਥਾਂ ਤੇ ਨਾ ਮਾਤਰ ਦਾ ਰੁਝਾਨ ਰੱਖੀ ਬੈਠੀ ਹੈ।

ਅਦਾਰਾ 'ਆਤਮ ਰੰਗ' ਗੁਰੂ ਸਾਹਿਬ ਦੀ ਸ਼ਹਾਦਤ ਜਰੀਏ ਅੱਜ ਦੇ ਸਿੱਖ ਸਭਿਆਚਾਰ ਚ ਗੈਰ ਜ਼ਰੂਰੀ ਢੰਗ ਤਰੀਕੇ ਨਾਲ ਪ੍ਰਚਲਿਤ ਹੋ ਰਹੀਆਂ ਪ੍ਰਥਾਵਾਂ ਦਾ ਖੰਡਨ ਕਰਦਾ ਹੈ ਤੇ ਗੁਰੂ ਚਰਨਾਂ ਚ ਇਹੋ ਅਰਦਾਸ ਕਰਦਾ ਹੈ ਕਿ ਸਿੱਖ ਰਹੁ-ਰੀਤਾਂ ਅਤੇ ਗੁਰੂ ਸਾਹਿਬ ਦੀਆਂ ਮਹਾਨ ਕੁਰਬਾਨੀਆਂ ਤੋਂ ਪ੍ਰੇਰਿਤ ਹੋ ਕੇ, ਅਜੋਕੀ ਨੌਜੁਆਨ ਪੀੜੀ ਅਗਾਂਹਵਧੂ ਤੇ ਮਿਸਾਲੀ ਜੀਵਨ ਦੀ ਧਾਰਨੀ ਬਣੇ।

# ਬਾਰਹ ਮਾਹ ਕਥਾ

*[ਡਾ. ਤਾਰਨ ਸਿੰਘ]*

*ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥*
*ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥*
*ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥*
*ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥*
*ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥*
*ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥*
*ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥*
*ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥*
*ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥*
*ਅੰਗ - 134*

*ਅਰਥ*

1) ਸੂਰਜ ਦੀ ਗਰਮੀ ਨਾਲ ਤਪਦਾ ਹੋਇਆ ਹਾੜ ਮਹੀਨਾ ਉਸ ਜੀਵ-ਇਸਤ੍ਰੀ ਨੂੰ ਸਾੜ ਪਾਉਣ ਵਾਲਾ ਲਗਦਾ (ਪ੍ਰਤੀਤ ਹੁੰਦਾ) ਹੈ, ਜਿਨ੍ਹਾਂ ਦੇ ਕੋਲ ਹਰੀ-ਕੰਤ ਨਹੀਂ (ਵੱਸਦਾ) ਅਤੇ ਜਿਨ੍ਹਾਂ ਨੇ ਜਗਤ ਨੂੰ ਜੀਵਨ ਦੇਣ ਵਾਲੇ ਕਰਤਾ-ਪੁਰਖ ਨੂੰ ਛੱਡ ਕੇ ਕਿਸੇ ਮਨੁੱਖ ਦੀ ਆਸ ਲਾਈ ਹੋਈ ਹੈ, ਭਾਵ ਮਨੁੱਖੀ ਟੇਕ ਧਾਰੀ ਹੋਈ ਹੈ।

2) ਦ੍ਵੈਤਾ-ਭਾਵ (ਕਰਤੇ ਪੁਰਖ ਨੂੰ ਛੱਡ ਕੇ ਕਿਸੇ ਹੋਰ ਨਾਲ ਪ੍ਰੀਤ ਪਾਉਣ) ਵਿਚ ਗ੍ਰਸਤ ਹੋ ਕੇ ਸਦਾ ਵਿਗੋਚੇ (ਘਾਟੇ) ਵਿਚ ਹੀ ਰਹੀਦਾ ਹੈ, (ਜੋ ਮਨੁੱਖ ਦ੍ਵੈਤਾ-ਭਾਵ ਵਿਚ ਰਹਿੰਦਾ ਹੈ) ਉਸ ਦੇ ਗਲ ਵਿਚ ਜਮ ਦੀ ਫਾਹੀ ਪਈ ਰਹਿੰਦੀ ਹੈ।

3) (ਵਾਹਿਗੁਰੂ ਦੇ ਧਰਮ-ਨਿਆਉਂ ਅਨੁਸਾਰ) ਮਨੁੱਖ ਜਿਹੋ ਜਿਹਾ (ਬੀਜ) ਬੀਜਦਾ ਹੈ, ਓਹੋ (ਜਿਹਾ ਫਲ) ਹੀ ਵੱਢਦਾ ਹੈ, (ਮਨੁੱਖ ਦੀ ਸਾਰੀ ਕਰਮ-ਪਰਕ੍ਰਿਆ ਵਿਚ ਓਹੋ ਕੁਝ ਵਰਤਦਾ ਹੈ) ਜੋ ਜੋ ਕੁਝ ਜੀਵ ਦੇ ਮੱਥੇ ਉਤੇ (ਵਿਧਾਤਾ ਵਲੋਂ ਧੁਰੋਂ) ਲਿਖਿਆ ਹੋਇਆ ਹੈ।

4) (ਦੂਜੇ-ਭਾਵ ਵਿਚ ਗ੍ਰਸਤ ਹੋਈ ਜੀਵ-ਇਸਤ੍ਰੀ ਦੀ ਜਦੋਂ) ਸਮੁੱਚੀ ਜੀਵਨ-ਰਾਤ ਬਤੀਤ ਹੋ ਗਈ ਤਾਂ (ਉਹ ਆਪਣੀ ਗ਼ਲਤੀਅਤੇ ਗ਼ਫ਼ਲਤ ਦਾ ਅਹਿਸਾਸ ਕਰ ਕੇ) ਪਛਤਾਈ (ਪਰ ਜੀਵਨ ਬੀਤ ਜਾਣ ਮਗਰੋਂ ਪਛਤਾਵਾ ਕੀਤਾ ਕਿਸ ਕੰਮ) ਇਸ ਲਈ ਨਿਰਾਸ (ਮਾਯੂਸ) ਹੋਈ ਏਥੋਂ (ਜਗਤ ਤੋਂ) ਉਠ ਚਲੀ।

5) ਜਿਨ੍ਹਾਂ (ਵਡਭਾਗੇ) ਮਨੁੱਖਾਂ ਨੂੰ (ਜੀਵਨ ਵਿਚ ਨਾਮ-ਦਾਤਾ) ਸਾਧੂ-ਸਤਿਗੁਰੂ ਮਿਲ ਪੈਂਦਾ ਹੈ, ਉਹ ਮਨੁੱਖ ਰੱਬੀ ਦਰਗਾਹ ਵਿਚ (ਜਮਾਂ ਦੇ ਧੱਕੇ-ਧੌੜਿਆਂ ਤੋਂ) ਮੁਕਤ ਹੋ ਜਾਂਦਾ ਹੈ।

6) ਹੇ ਪ੍ਰਭੂ! ਮੈਂ (ਨਾਨਕ) ਦੀ ਆਪ ਦੇ ਚਰਨਾਂ ਵਿਚ ਅਰਦਾਸ, ਬੇਨਤੀ ਹੈ ਕਿ ਅਜਿਹੀ ਕਿਰਪਾ ਕਰ! ਜੀਵਨ-ਪ੍ਰਯੰਤ ਮੈਨੂੰ ਤੇਰੇ ਹੀ ਦਰਸ਼ਨ ਦੀ ਤਾਂਘ ਬਣੀ ਰਹੇ! ਤੇਰੇ ਤੋਂ ਬਗ਼ੈਰ (ਮੇਰੀ ਅਰਦਾਸ ਸੁਣਨ ਅਤੇ ਪੂਰੀ ਕਰਨ ਵਾਲਾ ਸਮਰਥ-ਪੁਰਖ) ਹੋਰ ਕੋਈ ਹੈ ਹੀ ਨਹੀਂ।

7) (ਤਪਦਾ ਹੋਇਆ) ਹਾੜ-ਮਹੀਨਾ ਉਸ ਨੂੰ ਸੁਹਾਵਣਾ ਅਤੇ ਸੁਖਦਾਈ ਪ੍ਰਤੀਤ ਹੁੰਦਾ ਹੈ, ਜਿਸ ਦੇ ਮਨ ਵਿਚ ਹਰੀ-ਪ੍ਰਭੂ ਦੇ ਚਰਨਾਂ (ਨਾਮ) ਦਾ (ਨਿਰੰਤਰ) ਵਾਸਾ ਹੋਇਆ ਰਹਿੰਦਾ ਹੈ।



# ਅਣਡਿੱਠੀ ਦੁਨੀਆ

*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*



ਓਸੇ ਬੰਧ ਬੰਧ ਮਾਇਆ ਨੂੰ ਲੋਭੀ ਨਰ ਲਪਟਾਇ ਰਹੇ ਹਨ। ਐਸੇ ਲਪਟ-ਲਪਟਾਰੀਆਂ ਨਾਮ-ਬੇ-ਮੁਖਾਰੀਆਂ ਨੂੰ ਦਰਗਾਹ ਅੰਦਰ ਸਜ਼ਾਵਾਂ ਮਿਲਦੀਆਂ ਹਨ, ਕਦੇ ਨਹੀਂ ਟਲਦੀਆਂ –

*ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ॥*
*ਰਾਜੁ ਮਾਲੁ ਝੂਠੀ ਸਭ ਮਾਇਆ॥*
*ਲੋਭੀ ਨਰ ਰਹੇ ਲਪਟਾਇ॥*
*ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ॥੧੨॥ (੧੩॥੧॥੨)* ਅੰਗ – ੧੧੫੫

ਅਗੇ ਗਇਆਂ ਲੇਖਾ ਮੰਗਿਆ ਜਾਣਾ ਹੈ ਤੇ ਜ਼ਰੂਰੀ ਮੰਗਿਆ ਜਾਣਾ ਹੈ ਅਤੇ ਦਸ ਗੁਣੀ ਸਜ਼ਾ ਮਿਲੇਗੀ 'ਅਗੈ ਲੇਖੈ ਮੰਗਿਐ ਹੋਰ ਦਸੂਣੀ ਪਾਇ॥੨॥(੮)।' ਵਾਰ ਸਾਰੰਗ ਮ: ੧, ਪੰਨਾ ੧੨੪੦ ਪਰ ਨਾਮ ਦਾ ਲੇਖਾ ਪੜ੍ਹਿਆਂ, ਅਰਥਾਤ ਗੁਰਮਤਿ ਨਾਮੁ ਸਾਸਿ  ਗਿਰਾਸ ਜਪਿਆਂ ਪੂਰਬ ਕਮਾਤੇ ਸਾਰੇ ਮੰਦੇ ਲੇਖ ਮਿਟ ਜਾਂਦੇ ਹਨ ਤੇ ਅਗੇ ਨੂੰ ਕੋਈ ਮੰਦਾ ਕਰਮ ਨਹੀਂ ਹੁੰਦਾ ਤੇ ਨਾ ਹੀ ਨਵੇਂ ਸਿਰੇ ਮੰਦੇ ਲੇਖ ਲਿਖੇ ਜਾਂਦੇ ਹਨ। ਤਿਨ੍ਹਾਂ ਨੂੰ ਅੱਗੇ ਚਲ ਕੇ ਕੋਈ ਪੁੱਛ-ਗਿੱਛ ਨਹੀਂ ਹੁੰਦੀ। ਹਰਿ ਦਰਗਾਹ ਅੰਦਰ ਉਨ੍ਹਾਂ ਨੂੰ ਸਗੋਂ ਢੋਈ ਮਿਲਦੀ ਹੈ। ਯਥਾ ਗੁਰਵਾਕ –

*ਲੇਖਾ ਪੜੀਐ ਹਰਿ ਨਾਮੁ ਫਿਰਿ ਲੇਖੁ ਨ ਹੋਈ॥*
*ਪੁਛਿ ਨ ਸਕੈ ਕੋਇ ਹਰਿ ਦਰਿ ਸਦ ਢੋਈ॥*
*ਜਮਕਾਲੁ ਮਿਲੈ ਦੇ ਭੇਟ ਸੇਵਕੁ ਨਿਤ ਹੋਈ॥*
*ਪੂਰੇ ਗੁਰ ਤੇ ਮਹਲੁ ਪਾਇਆ ਪਤਿ ਪਰਗਟੁ ਲੋਈ॥*
*ਨਾਨਕ ਅਨਹਦ ਧੁਨੀ ਦਰਿ ਵਜਦੇ ਮਿਲਿਆ ਹਰਿ ਸੋਈ॥੨੮॥* ਅੰਗ – ੧੨੪੮

ਇਹ ਗੁਰਵਾਕ ਏਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਜਿਨ੍ਹਾਂ ਨੂੰ ਹਰਿ ਦਰਗਹ ਢੋਈ ਮਿਲਦੀ ਹੈ, ਤਿਨ੍ਹਾਂ ਨੂੰ ਅਗੋਂ ਜਮਕਾਲ ਭੀ ਭੇਟਾ ਲੈ ਕੇ ਮਿਲਦਾ ਹੈ ਤੇ ਉਲਟਾ ਉਨ੍ਹਾਂ ਦਾ ਸੇਵਕ ਹੋ ਜਾਂਦਾ ਹੈ। ਪੂਰੇ ਸਤਿਗੁਰੂ ਦੀ ਬਸੀਠੀ ਦੇ ਸਦਕੇ ਤਿਨ੍ਹਾਂ ਦਾ ਸਚ-ਮਹਲੀਂ ਵਾਸਾ ਹੋ ਜਾਂਦਾ ਹੈ। ਸਾਰੇ ਖੰਡਾਂ ਬ੍ਰਹਿਮੰਡਾਂ ਵਿਚ ਤਿਨ੍ਹਾਂ ਦੀ ਸੋਭਾ ਉੱਘੀ ਹੋ ਜਾਂਦੀ ਹੈ। ਤਿਸ ਸਚੇ ਦਰ ਮਹਲ, ਜਿਥੇ ਕਿ ਵਾਹਿਗੁਰੂ ਦਾ ਮਿਲਾਪ ਹੁੰਦਾ ਹੈ, ਅਨਹਦ ਧੁਨੀਆਂ ਦੀ ਝੁਨਕਾਰ ਉਠਦੀ ਹੈ ਤੇ ਸਦਾ ਅਨਹਦ ਵਾਜੇ ਵੱਜ ਰਹੇ ਹਨ।

ਉਸ ਸਚੀ ਦਰਗਾਹੇ ਮਨਮੁਖਾਂ ਸਾਕਤਾਂ ਦਾ ਲੇਖਾ ਹੁੰਦਾ ਹੈ। ਓਥੇ ਉਹ ਕੂੜਿਆਰ ਸਾਬਤ ਹੁੰਦੇ ਹਨ, ਜਿਹੜੇ ਐਥੇ ਆਪੇ ਸਚਿਆਰ ਬਣ-ਬਣ ਬੈਠਦੇ ਹਨ। ਕਾਮ, ਕ੍ਰੋਧ, ਹੰਕਾਰ ਦੇ ਲਦੇ ਹੋਏ ਮਨਮੁਖ ਬੋਲ ਕੁਬੋਲੋਂ ਟਲਦੇ ਨਹੀਂ, ਮੰਦਾ ਹੀ ਚਿਤਵਦੇ ਹਨ। ਓਨ੍ਹਾਂ ਨੂੰ ਚੰਗਾ ਬੋਲ ਬੋਲਣਾ ਹੀ ਨਹੀਂ ਆਉਂਦਾ, ਚੰਗੀ ਚਿਤਵਣੀ ਉਹ ਚਿਤਵਣਾ ਹੀ ਨਹੀਂ ਜਾਣਦੇ। ਥਾਉਂ ਕੁਥਾਉਂ ਨਹੀਂ ਦੇਖਦੇ, ਤਿਨ੍ਹਾਂ ਦਾ ਅਗਲੀ ਦਰਗਾਹੇ ਉੱਪਰ ਦਸਿੱਆ ਹਾਲ ਹੋਣਾ ਹੈ –

*ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ॥*
*ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ॥*
*ਦਰਗਹ ਲੇਖਾ ਮੰਗੀਐ ਓਥੈ ਹੋਹਿ ਕੂੜਿਆਰ॥੧॥*
ਅੰਗ – ੧੨੪੮

ਮਨਮੁਖਾਂ ਨੇ ਇਸ ਲੋਕ ਵਿਚ ਸੋਈ ਅਗਿਆਨ ਅੰਧਾਰੇ ਤੇ ਅਵਿਦਿਆ ਵਾਲੇ ਕੰਮ ਕੀਤੇ ਹਨ, ਸੇਈ ਅਵਿੱਦਤ ਸਾਧਨ ਸਾਧੇ ਹਨ, ਜਿਨ੍ਹਾਂ ਦਾ ਪਰਲੋਕ ਵਿਚ ਭੀ ਅਪਜਸ ਹੁੰਦਾ ਹੈ, ਅਰਥਾਤ ਜਿਨ੍ਹਾਂ ਕਰਮਾਂ ਦੇ ਕਰਨ ਤੋਂ ਪਰਲੋਕ ਵਿਚ ਭੀ ਬਦਨਾਮੀ ਹੁੰਦੀ ਹੈ। ਯਥਾ ਗੁਰਵਾਕ –

*ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ॥੨॥* ਅੰਗ – ੧੨੫੩

ਤਾਂ ਤੇ ਪਰਲੋਕ ਦੀ ਹੋਂਦ ਨੂੰ ਜ਼ਰੂਰ ਮੰਨਣਾ ਪਊ। ਮੁਨਕਰ ਹੋਣ ਦੀ ਕੋਈ ਜਾਇ ਹੀ ਨਹੀਂ। ਮਾਇਆ ਨਾਲ ਮਨੂਰ ਹੋਏ ਮਨ ਇਹੋ ਅਗਿਆਨ ਵਿਸ਼ਵਾਸ ਲਈ ਬੈਠੇ

ਹਨ, ਜੋ ਕੁਝ ਹੈ ਏਸ ਦੁਨੀਆ ਵਿਚ ਹੀ ਹੈ, ਏਥੇ ਹੀ ਮਾਇਆ ਦੇ ਰੰਗ ਮਾਣ ਲਓ। ਖਾਤ, ਪੀਤ, ਹਸਤ, ਬਿਹਾਇ ਲਵੋ, ਅੱਗਾ ਕੀਹਨੇ ਦੇਖਿਆ ਹੈ? ਜੇ ਅੱਗੇ ਦਾ ਉਹਨਾਂ ਨੂੰ ਫ਼ਿਕਰ ਹੋਵੇ ਤਾਂ ਏਸ ਭ-ਸਾਗਰ ਤੋਂ ਤਰਨ ਦਾ ਕੋਈ ਤੁਲਹਾ ਬੰਨ੍ਹਣ। ਪਰ ਇਹ ਅਗਲੇਰਾ ਗੁਰਵਾਕ ਉਨ੍ਹਾਂ ਨੂੰ ਕੈਸੀ ਸੂਝ ਸੁਝਾਵਣੀ ਕਰਾਉਂਦਾ ਹੋਇਆ ਖ਼ਬਰਦਾਰ ਕਰਦਾ ਹੈ-

*ਆਗੇ ਕਉ ਕਿਛੁ ਤੁਲਹਾ ਬਾਂਧਹੁ*
*ਕਿਆ ਭਰਵਾਸਾ ਧਨ ਕਾ॥* *ਅੰਗ - ੧੨੫੩*

ਗੁਰ-ਸ਼ਬਦ ਰਤੇ ਬੈਰਾਗੀ ਜਨ ਇਸ ਮਾਇਆ ਤੋਂ ਸਦਾ ਹੀ ਉਪਰਾਮ ਰਹਿੰਦੇ ਹਨ। ਏਸ ਨੂੰ ਅਸਥਿਰ ਸਮਝ ਕੇ ਇਸ ਵਿਚ ਲਿਪਾਇਮਾਨ ਨਹੀਂ ਹੁੰਦੇ, ਸਦਾ ਅਲੇਪ ਤੇ ਤਿਆਗੀ ਬਣੇ ਰਹਿੰਦੇ ਹਨ। ਇਸ ਤੋਂ ਉਚਾਟ ਹੋ, ਉਹ ਅਨਦਿਨ ਸਦਾ ਸਦਾ ਸਾਸ ਸਾਸ ਨਾਮ ਹੀ ਧਿਆਉਂਦੇ ਰਹਿੰਦੇ ਹਨ ਤੇ ਅਗੇ ਚਲ ਕੇ ਸਚੀ ਦਰਗਾਹ ਵਿਚ ਸਚਾ ਮਾਣ ਪਾਉਂਦੇ ਹਨ। ਜਿਹਾ ਕਿ -

*ਜਿਨ ਕਉ ਲਿਲਾਟਿ ਲਿਖਿਆ ਧੁਰਿ ਨਾਮ॥*
*ਅਨਦਿਨੁ ਨਾਮੁ ਸਦਾ ਸਦਾ ਧਿਆਵਹਿ*
*ਸਾਚੀ ਦਰਗਹ ਪਾਵਹਿ ਮਾਨੁ॥੧॥ਰਹਾਉ॥*
*ਗੁਰ ਸਬਦਿ ਰਤੇ ਸਦਾ ਬੈਰਾਗੀ*
*ਹਰਿ ਦਰਗਹ ਸਾਚੀ ਪਾਵਹਿ ਮਾਨੁ॥੨॥*
*ਅੰਗ - ੧੨੫੯-੬੦*●

ਹੇਠ ਲਿਖੇ ਗੁਰਵਾਕ ਵਿਚ ਅੱਗੇ ਦੇ ਨਿਬੇੜੇ ਦਾ ਕਿਆ ਸੋਹਣਾ ਨਿਰਣਾ ਹੋਇਆ ਹੈ -

*ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ॥*
*ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ॥*
*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥*
*ਏਨਾ ਜੰਤਾ ਨੋ ਹੋਰ ਸੇਵਾ ਨਹੀ ਸਤਿਗੁਰੁ ਸਿਰਿ ਕਰਤਾਰ॥੬॥* *ਅੰਗ - ੧੨੮੧*

ਇਸ ਗੁਰਵਾਕ ਨੇ ਸਾਫ਼ ਨਿਰਣਾ ਕਰ ਦਿੱਤਾ ਹੈ ਕਿ ਅਗੇ ਚਲ ਕੇ ਮਨਮੁਖਾਂ-ਸਾਕਤਾਂ ਪਾਸੋਂ ਤਾਂ ਲੇਖਾ ਮੰਗਿਆ ਜਾਣਾ ਹੈ, ਓਹਨਾਂ ਦੀ ਤਿਥੇ ਬਹੁਤੀ ਬਾਕੀ ਨਿਕਲਣੀ ਹੈ ਤੇ ਬਹੁਤੀ ਸਜਾਇ ਓਹਨਾਂ ਨੂੰ ਓਥੇ ਮਿਲਣੀ ਹੈ ਤੇ ਬਹੁਤੀ ਮਾਰ ਜਮਾਂ ਦੀ ਓਹਨਾਂ ਨੂੰ ਓਥੇ ਪੈਣੀ ਹੈ; ਪਰ ਗੁਰਮੁਖਾਂ ਦਾ ਓਥੇ ਪਤਿ ਨਾਲ ਲੇਖਾ ਨਿਬੜਨਾ ਹੈ, ਕਿਉਂਕਿ ਸਿਫ਼ਤ-ਭੰਡਾਰੀਆਂ ਗੁਰਮੁਖਾਂ ਨੂੰ ਸਿਫ਼ਤ-ਭੰਡਾਰ ਦੀ ਬਖ਼ਸ਼ਿਸ਼ ਨੇ ਹੀ ਅੱਗੇ ਜਾ ਕੇ ਬਖ਼ਸ਼ਾਉਣਾ ਹੈ। ਅਗਲੀ ਦਰਗਾਹ ਵਿਚ ਕੋਈ ਕਿਸੇ ਦਾ ਵਾਹਰੂ ਨਹੀਂ, ਕਿਸੇ ਦੀ ਕੂਕ ਪੁਕਾਰ ਓਥੇ ਨਹੀਂ ਸੁਣੀ ਜਾਣੀ। ਓਥੇ ਕੇਵਲ ਸਤਿਗੁਰੂ ਹੀ ਸਚਾ ਬੇਲੀ ਹੋ ਸਕਦਾ ਹੈ ਤੇ ਅੰਤੀ ਵਾਰ ਉਹੋ ਹੀ ਸਹਾਈ ਹੁੰਦਾ ਹੈ। ਘੋਰ ਨਰਕ-ਸਜ਼ਾਵਾਂ ਤੋਂ ਬਚਾਉਣ ਨੂੰ ਸਤਿਗੁਰੂ ਸਮਰਥ ਹੈ, ਇਸ ਲਈ ਇਨ੍ਹਾਂ ਕਲਿਜੁਗੀ ਜੀਵਾਂ ਦੀ ਇਸ ਜਗ ਵਿਖੇ ਹੋਰ ਕੋਈ ਸੇਵਾ ਘਾਲ ਥਾਂਇ ਨਹੀਂ ਪੈਂਦੀ। ਸੇਵਾ ਘਾਲ ਤਿਨ੍ਹਾਂ ਦੀ ਪਰਵਾਨ ਪੈਂਦੀ ਹੈ, ਜਿਨ੍ਹਾਂ ਦੇ ਸਿਰ ਤੇ ਸਤਿਗੁਰੂ ਕਰਤਾਰ ਰਾਖਾ ਹੈ, ਸਦਾ ਰਖਵਾਲਾ ਹੋਇਆ ਹੈ। ਅਗਲੀ ਦਰਗਾਹੇ ਸਤਿਗੁਰੂ ਰਖਵਾਲਾ ਕੇਵਲ ਤਿਨ੍ਹਾਂ ਦਾ ਹੀ ਹੋਇਆ ਹੈ, ਜਿਨ੍ਹਾਂ ਨੇ ਏਥੇ ਗੁਰੂ ਧਾਰਨ ਕੀਤਾ ਹੈ, ਸੱਚੇ ਗੁਰੂ ਦੀ ਦੀਖਿਆ ਪ੍ਰਾਪਤ ਕੀਤੀ ਹੈ।

ਕੱਚੇ ਗੁਰੂਆਂ ਦੇ ਧਾਰਨਹਾਰਿਆਂ ਦੀ ਏਥੇ ਭੀ ਗਤਿ ਨਹੀਂ, ਨ ਅਗੇ ਉਨ੍ਹਾਂ ਦੀ ਪੁਕਾਰ ਸੁਣੀ ਜਾਂਦੀ ਹੈ। ਕੱਚੇ ਗੁਰੂਆਂ ਤੇ ਉਨ੍ਹਾਂ ਦੇ ਕੱਚੇ ਚੇਲਿਆਂ ਨੂੰ ਦਰਗਾਹ ਵਿਚ ਜ਼ਰੂਰ ਸਜ਼ਾ ਭੁਗਤਣੀ ਪਵੇਗੀ। ਆਪੇ ਬਣਿ ਬਣਿ ਬਹਿਣ ਵਾਲੇ ਦੇਹ-ਧਾਰੀ ਗੁਰੂਆਂ ਨੂੰ ਤੇ ਤਿਨ੍ਹਾਂ ਦੇ ਚੇਲਿਆਂ ਨੂੰ ਮੂੰਹੋਂ ਮੂੰਹ ਮਾਰ ਪਏਗੀ। ਇਸ ਵਿਚ ਰੰਚਕ ਭੀ ਸੰਦੇਹੁ ਨ ਜਾਣੋ।

ਜਿਨ੍ਹਾਂ ਵਡਭਾਗਿਆਂ ਗੁਰੂ ਘਰ ਵਿਖੇ ਜਨਮ ਲੈ ਕੇ, ਖੰਡੇ ਦਾ ਅੰਮ੍ਰਿਤ ਛਕ, ਜਨਮ-ਸੁਜਨਮਾ ਹੋਇ ਕੇ, ਗੁਰੂ ਨਾਨਕ-ਦਸਮੇਸ਼ ਜੀ ਦੇ ਅਜ਼ਲੀ, ਅਬਦੀ ਹੁਕਮ ਅਨੁਸਾਰ ਸਾਜੇ ਨਿਵਾਜੇ ਗੁਰੂ ਸਵਾਰੇ ਪੰਜਾਂ ਪਿਆਰਿਆਂ ਰਾਹੀਂ ਦੀਖਿਆ ਲੈ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਕੀਤਾ ਹੈ, ਉਹਨਾਂ ਨੇ ਹੀ ਦਸਾਂ ਗੁਰੂ ਪਾਤਸ਼ਾਹੀਆਂ ਦੀ ਗੁਰਿਆਈ ਤੋਂ ਸਿੱਖੀ ਧਾਰਨ ਕੀਤੀ ਹੈ, ਸੋਈ ਸਚੀ ਦਰਗਾਹ ਅੰਦਰ ਗਏ ਮੰਨੇ ਜਾਣਗੇ, ਪ੍ਰਮਾਣੇ ਜਾਣਗੇ ਤੇ ਨਿਸਤਾਰੇ ਜਾਣਗੇ। ਹੋਰ ਅਖਾਉਤੀ ਪਾਜਲ ਦੇਹਧਾਰੀਆਂ ਨੂੰ ਗੁਰੂ ਮੰਨਣ ਵਾਲੇ ਨਿਗੁਰੇ ਹੀ ਰਹਿਣਗੇ ਤੇ ਨਿਗੁਰੇ ਹੀ ਸਮਝੇ ਜਾਣਗੇ। ਅਗਲੀ ਦਰਗਾਹ ਵਿਚ ਤਿਨ੍ਹਾਂ ਨੂੰ ਢੋਈ ਨਹੀਂ ਮਿਲਣੀ। ਅਜਿਹੇ ਪਾਜਲ ਗੁਰੂਆਂ ਦਾ ਗੁਰੂਪੁਣਾ ਅਗਲੀ ਦਰਗਾਹ ਵਿਚ ਕੱਖੋਂ ਹੌਲਾ ਸਾਬਤ ਹੋਵੇਗਾ। ਜਿਨ੍ਹਾਂ ਨੂੰ ਅਗੇ ਦਾ ਭੈ ਹੈ, ਉਹ ਏਨ੍ਹਾਂ ਡਿੰਭ-ਮਨੌਤੀਆਂ ਵਿਚ ਪੈਂਦੇ ਹੀ ਨਹੀਂ, ਉਹ ਸਿੱਧੇ ਗੁਰੂ ਨਾਨਕ ਸਾਹਿਬ ਦੇ ਘਰ ਦਾ ਆਸਰਾ ਲੈਂਦੇ ਹਨ। ਜੋ ਗੁਰੂ ਨਾਨਕ ਸਾਹਿਬ-ਸ਼੍ਰੇਣੀ ਦੇ ਧੁਰੋਂ ਆਏ ਗੁਰੂ ਸਾਹਿਬਾਨ ਦੇ ਸ਼ਰੀਕ ਬਣਦੇ ਹਨ ਤੇ ਆਪਣੇ ਆਪ ਨੂੰ ਗੁਰੂ ਸਦਾਉਂਦੇ ਹਨ, ਉਨ੍ਹਾਂ ਨੂੰ ਸਣੇ ਚੇਲਿਆਂ ਦੇ ਅਗੇ ਧੱਕੇ ਹੀ ਪੈਣੇ ਹਨ। ਹੇਠਲਾ ਗੁਰਵਾਕ ਏਸ ਪਰਕਰਣ ਦਾ ਹੋਰ ਭੀ ਸੱਚ ਨਿਬੇੜਾ ਕਰਦਾ ਹੈ -

# ਧਰਮ-ਪਰਚਾਰ ਲਈ ਪੂਰਨ ਪੁਰਖਾਂ ਦੀ ਲੋੜ

*[ਪ੍ਰੋਫੈਸਰ ਸਾਹਿਬ ਸਿੰਘ ਜੀ]*

ਪਰਮਾਤਮਾ ਨੂੰ ਆਪਣੇ ਧਰਮ ਦੇ ਪਰਚਾਰਨ ਲਈ ਪੂਰਨ ਪੁਰਖਾਂ ਦੀ ਲੋੜ ਹੈ। ਉਹ ਜਾਣਦਾ ਹੈ ਕਿ ਜਗਤ ਵਿਚ ਉਸ ਦਾ ਸੁਨੇਹਾ ਸਫਲਤਾ ਨਾਲ ਅਪੜਾਣ ਲਈ ਸੁੱਚੇ ਜੀਵਨ ਵਾਲੇ ਮਹਾਂ ਪੁਰਖਾਂ ਦਾ ਹੋਣਾ ਅੱਤ ਜ਼ਰੂਰੀ ਹੈ।

ਪਰਮਾਤਮਾ ਦੀ ਨਾਮ-ਸ਼ਕਤੀ, ਮਾਨੋ, ਪਵਿੱਤਰ ਅੰਮ੍ਰਿਤ ਹੈ, ਜਿਸ ਦਾ ਪਰਵਾਹ ਚਾਲਾਂ ਤੇ ਤਰੀਕਿਆਂ ਵਿਚੋਂ ਦੀ ਨਹੀਂ ਵਗ ਸਕਦਾ, ਮਨੁੱਖਾਂ ਦੀ ਲੋੜ ਪੈਂਦੀ ਹੈ। ਪਰਚਾਰ ਕਰਨ ਵਾਲਾ ਮਨੁੱਖ ਸੋਨੇ ਦੀ ਨਾਲੀ ਸਮਝੋ, ਜਿਸ ਵਿਚੋਂ ਅੰਮ੍ਰਿਤ ਦਾ ਪਰਵਾਹ ਚੱਲਦਾ ਹੈ। ਪਰ ਇਸ ਪਰਵਾਹ ਨੂੰ ਪਵਿੱਤਰ ਰੱਖਣ ਲਈ ਨਿਰਾ ਇਹ ਕਾਫ਼ੀ ਨਹੀਂ ਕਿ ਨਾਲੀ ਸੋਨੇ ਦੀ ਹੋਵੇ, ਇਸ ਗੱਲ ਦੀ ਭੀ ਲੋੜ ਹੈ ਕਿ ਨਾਲੀ ਖੁਲ੍ਹੀ ਹੋਵੇ ਤੇ ਉਸ ਵਿਚ ਕੋਈ ਛੇਕ ਨਾ ਹੋਵੇ, ਜਿਸ ਕਰਕੇ ਪਰਵਾਹ ਭਰ ਕੇ ਚੱਲੇ ਤੇ ਰਸਤੇ ਵਿਚ ਭੀ ਖਿੰਡ ਨਾ ਜਾਏ!

ਮਾਤਾ ਆਪਣੇ ਪੁੱਤਰ ਨੂੰ ਆਪਣੇ ਥਣਾਂ ਦਾ ਜੋ ਦੁੱਧ ਪਿਆਲਦੀ ਹੈ, ਉਸ ਦੀ ਰਾਹੀਂ ਆਪਣੇ ਸਾਰੇ ਚੰਗੇ ਜਾਂ ਮੰਦੇ ਜੀਵਨ ਦੀ ਰੰਗਣ ਬੱਚੇ ਨੂੰ ਚਾੜ੍ਹ ਦੇਂਦੀ ਹੈ। ਦੁੱਧ ਇਕ ਪਵਿੱਤਰ ਚੀਜ਼ ਹੈ, ਪਰ ਜਿਸ ਦੀ ਰਾਹੀਂ ਦੁੱਧ ਆਇਆ ਹੈ, ਉਸ ਦੇ ਆਪਣੇ ਜੀਵਨ ਦਾ ਭੀ ਰੰਗ ਚੜ੍ਹ ਗਿਆ ਹੈ। ਸਤਿਗੁਰੂ ਦੀ ਬਾਣੀ ਦਾ ਉਪਦੇਸ਼ ਅੰਮ੍ਰਿਤ ਹੈ, ਪਰ ਜਿਸ ਪ੍ਰਚਾਰਕ ਦੀ ਰਾਹੀਂ ਆਉਂਦਾ ਹੈ ਉਸ ਦੇ ਆਪਣੇ ਜੀਵਨ ਦੀ ਰੰਗਣ ਵਿਚ ਆਉਂਦਾ ਹੈ। ਸ਼ੁੱਧ ਤੋਂ ਪਵਿੱਤਰ ਅੰਮ੍ਰਿਤ ਮਿੱਟੀ ਦੇ ਭਾਂਡੇ ਵਿਚ ਪਿਆ ਹੋਵੇ, ਤਾਂ ਹੋ ਸਕਦਾ ਹੈ ਕਿ ਉਸ ਦੇ ਸੁਆਦ ਵਿਚ ਭਾਂਡੇ ਦਾ ਸੁਆਦ ਮਿਲ ਜਾਏ ਤੇ ਰੰਗ ਭੀ ਬਦਲ ਜਾਏ। ਸਤਿਗੁਰੂ ਦਾ ਸੁਨੇਹਾ ਜੀਵਨ-ਦਾਤਾ ਹੈ, ਪਰ ਸੁਨੇਹਾ ਅਪੜਾਣ ਵਾਲਾ ਭੀ ਘਟ ਜ਼ਰੂਰੀ ਨਹੀਂ ਹੈ।

ਜੋ ਪਰਚਾਰਕ ਦਾ ਆਪਣਾ ਹਿਰਦਾ ਮਾਇਆ ਦੇ ਮੋਹ ਵਿਚ ਮੁਰਦਾ ਹੋ ਚੁਕਾ ਹੈ, ਤਾਂ ਉਸ ਦੇ ਪਰਚਾਰ ਵਿਚੋਂ ਭੀ ਮੁਰਦਿਹਾਣ ਆਵੇਗੀ। ਉਹ ਪਰਚਾਰ ਕਰਨ ਵਾਲਿਆਂ ਨੂੰ ਸੁਰਜੀਤ ਕਰਨ ਦੇ ਥਾਂ ਸਗੋਂ ਮੁਰਦਾ ਕਰੇਗਾ। ਗੁਰੂ ਪਾਤਿਸ਼ਾਹ ਦੀ ਬਾਣੀ-ਰੂਪ ਸੁਅੱਛ ਜਲ ਤਾਂ ਉਹੀ ਹੈ ਜੋ ਧੁਰੋਂ ਪਵਿੱਤਰ ਸੋਮੇ ਵਿਚੋਂ ਆਇਆ ਹੈ, ਪਰ ਇਹ ਜਲ ਜਿਸ ਤਰ੍ਹਾਂ ਦੀ ਮਸ਼ੀਨ ਵਿਚੋਂ ਦੀ ਲੰਘਦਾ ਹੈ, ਉਸੇ ਤਰ੍ਹਾਂ ਦਾ ਇਸ ਦਾ ਸੁਆਦ ਤੇ ਰੰਗ ਬਣ ਜਾਂਦਾ ਹੈ। ਇਸ ਅਕਾਲੀ ਬਾਣੀ ਦੇ ਪਰਚਾਰਕ, ਗੁਰਦਵਾਰਿਆ ਦੇ ਮਹੰਤ ਤੇ ਸੇਵਾਦਾਰ ਜਦ ਤਕ ਸੁਅੱਛ ਤੇ ਪਵਿੱਤਰ ਹਿਰਦੇ ਵਾਲੇ ਵਹਿੰਦੇ ਹਨ, ਤਦ ਤਕ ਇਹਨਾਂ ਦੀ ਰਾਹੀਂ ਬਾਣੀ ਦੀ ਸੁਗੰਧੀ ਖਿਲਰਦੀ ਰਹਿੰਦੀ ਹੈ, ਪਰ ਜਿਹੜੇ ਹਿਰਦੇ ਬਹੁਤੇ ਗੰਦੇ ਹੋ ਜਾਂਦੇ ਹਨ, ਉਹਨਾਂ ਦੀ ਰਾਹੀਂ ਦੁਰਗੰਧ ਖਿੱਲਰਦੀ ਹੈ।

ਪਰਚਾਰਕ ਉਹ ਨਹੀਂ ਹਨ, ਜੋ ਸੁੰਦਰ ਵਖਿਆਨ ਬਣਾ ਕੇ ਦੇਣੇ ਜਾਣਦੇ ਹੋਣ।ਪਰਚਾਰਕ ਉਹ ਹਨ ਜੋ ਮਨੁੱਖ ਬਣਾਣੇ ਜਾਣਦੇ ਹਨ ਜੋ ਸੰਤ ਬਣਾਣੇ ਜਾਣਦੇ ਹਨ। ਪਰ ਇਸ ਕਠਨ ਕੰਮ ਦੀ ਸਾਰ ਉਹ ਕੀ ਜਾਣੇ, ਜੋ ਅਜੇ ਤਾਈਂ ਆਪ ਭੀ ਮਨੁੱਖ ਨਹੀਂ ਬਣਿਆ, ਜਿਸ ਨੇ ਅਜੇ ਤਕ ਆਪਣੇ ਆਪ ਨੂੰ ਹੀ ਸ਼ਾਂਤ ਨਹੀਂ ਕੀਤਾ?

***ਕਬੀਰ ਅਵਰਹ ਕਉ ਉਪਦੇਸਤੇ, ਮੁਖ ਮੈ ਪਰਿ ਹੈ ਰੇਤੁ॥***
***ਰਾਸਿ ਬਿਗਾਨੀ ਰਾਖਤੇ, ਖਾਯਾ ਘਰ ਕਾ ਖੇਤੁ॥੮॥***
***ਅੰਗ - ੧੩੪੯***

## ਪ੍ਰੀਤ ਪ੍ਰਤੀਤ ਕੀ ਲੇਸ ਬਿਨਾ

ਮਿੱਠੀ ਤੋਂ ਮਿੱਠੀ ਦਾਤ ਅਤੇ ਪਿਆਰੀ ਤੋਂ ਪਿਆਰੀ ਬਖਸ਼ਸ਼ ਥੋੜੇ ਜਿਤਨੇ ਵਿਗਾੜ ਨਾਲ ਕਈ ਵਾਰੀ ਕੌੜੇ ਤੋਂ ਕੌੜਾ ਫਲ ਦੇ ਦੇਂਦੀ ਹੈ। ਸੂਰਜ ਸੰਸਾਰ ਵਿਚ ਚੇਤਨ ਪਦਾਰਥਾਂ ਦੇ ਜੀਵਨ ਦਾ ਆਸਰਾ ਹੈ, ਪਰ ਸੂਰਜ ਦੀ ਤਪਸ਼ ਤੋਂ

ਪੈਦਾ ਹੋਇਆ ਸਰਸਾਮ ਮੌਤ ਦਾ ਕਾਰਨ ਭੀ ਬਣ ਜਾਂਦਾ ਹੈ। ਪਰਚਾਰ ਜੀਵਨ-ਦਾਤਾ ਹੈ, ਪਰ ਪਰਚਾਰਕ ਵਿਚ ਵਿਗਾੜ ਹੋਣ ਕਰਕੇ ਉਸ ਰਾਹੀਂ ਕੀਤਾ ਗਇਆ ਪਰਚਾਰ ਜੀਵਨ ਦੇ ਨਾਸ਼ ਦਾ ਕਾਰਨ ਭੀ ਹੋ ਜਾਂਦਾ ਹੈ।

ਆਤਮਕ ਜੀਵਨ ਤੋਂ ਬਿਨਾ ਪਰਚਾਰਕ ਵਿਚ ਵਲਵਲੇ ਹੋ ਸਕਦੇ ਹਨ, ਪਰ ਨਾਟਕ ਦੇ ਨਟ ਵਿਚ ਭੀ ਵਲਵਲੇ ਹੁੰਦੇ ਹਨ, ਫਿਰ ਭੀ ਉਹ ਨਿਰਾ ਸੁਆਂਗ ਹੀ ਹੁੰਦਾ ਹੈ। ਪਰਚਾਰਕ ਵਿਚ ਪੂਰੀ ਤਨ-ਦੇਹੀ ਹੋ ਸਕਦੀ ਹੈ, ਪਰ ਵਕੀਲ ਆਪਣੇ ਮੁਵੱਕਿਲ ਦੇ ਮੁਕੱਦਮੇ ਦੀ ਪੈਰਵੀ ਪੂਰੀ ਤਨ-ਦੇਹੀ ਨਾਲ ਕਰਦਾ ਹੈ, ਫਿਰ ਭੀ ਉਸ ਨੂੰ ਮੁਵੱਕਿਲ ਵਾਲਾ ਸੇਕ ਜਾਂ ਦਰਦ ਨਹੀਂ ਹੋ ਸਕਦਾ। ਕਈ ਵਾਰੀ ਪਰਚਾਰਕ ਦੇ ਜੋਸ਼-ਭਰੇ ਵਖਿਆਨ ਨਾਲ ਉਸ ਦੀਆਂ ਆਪਣੀਆਂ ਅੱਖਾਂ ਭੀ ਚਮਕ ਉੱਠਦੀਆਂ ਹਨ, ਪਰ ਇਹ ਚਮਕ ਉਸ ਤਰ੍ਹਾਂ ਦੀ ਹੈ, ਜਿਵੇਂ ਕਿਸੇ ਪੈਲੀ ਵਿਚ ਬੀਜੇ ਹੋਏ ਲਾਲਾਂ ਦੀ। ਨਾ ਉਹਨਾਂ ਵਿਚ ਸੇਕ ਤੇ ਨਿੱਘ ਅਤੇ ਨਾ ਤ੍ਰਿਪਤ ਕਰਨ ਵਾਲਾ ਗੁਣ।

ਸ੍ਰੋਤਿਆਂ ਨੂੰ ਨਿੱਘ ਤੇ ਤ੍ਰਿਪਤੀ ਨਾ ਅੱਪੜਨ ਦੀ ਵੱਡੀ ਰੁਕਾਵਟ ਪਰਚਾਰਕ ਆਪ ਹੈ, ਕਿਉਂਕਿ ਉਹ ਨਿੱਘ ਅਤੇ ਤ੍ਰਿਪਤੀ ਉਸ ਦੇ ਆਪਣੇ ਅੰਦਰ ਨਹੀਂ ਹੈ। ਪਰਮਾਤਮਾ ਆਪ ਬਿਜਲੀ-ਘਰ ਹੈ, ਉਹ 'ਰਸ' ਦਾ ਸੋਮਾ ਹੈ। ਪਰਚਾਰਕ ਦਾ ਹਿਰਦਾ ਉਸ ਨਾਮ-ਰਸ ਦੀ ਬਿਜਲੀ ਨੂੰ ਸ੍ਰੋਤਿਆਂ ਤਕ ਅਪੜਾਨ ਲਈ ਤਾਰਾਂ ਦਾ ਕੰਮ ਦੇਂਦਾ ਹੈ। ਪਰ ਜੇ ਇਹ ਹਿਰਦਾ ਮਾਇਆ ਦੀ ਛੁਹ ਨਾਲ ਸਿੱਲਾ ਹੋਇਆ ਪਿਆ ਹੈ, ਤਾਂ ਇਹ ਬਿਜਲੀ ਦੀ ਤਾਕਤ ਨੂੰ ਅਗਾਂਹ ਨਹੀਂ ਅਪੜਾ ਸਕਦਾ।

ਜੋ ਮਨੁੱਖ ਦੋ ਚਾਰ ਅੱਖਰ ਪੜ੍ਹ ਜਾਂਦਾ ਹੈ, ਇਕ ਦੋ ਬਾਣੀਆਂ ਕੰਠ ਕਰ ਲੈਂਦਾ ਹੈ, ਤੇ ਦੀਵਾਨਾਂ ਵਿਚ ਜਾ ਕੇ ਕੁਝ ਵਖਿਆਨ ਸੁਣਾ ਆਉਂਦਾ ਹੈ, ਉਸ ਨੂੰ ਇਹ ਚਾਉ ਉਪਜਦਾ ਹੈ ਕਿ ਮੈਂ ਹੁਣ ਆਪਣੇ ਧਰਮ ਦਾ ਪਰਚਾਰ ਕਰਾਂ, ਤੇ ਲੋਕਾਂ ਦੀ ਰੁਚੀ ਆਪਣੇ ਧਰਮ ਵਲ ਪੈਦਾ ਕਰਾਂ। ਇਸ ਲੋਰ ਵਿਚ ਉਸ ਨੂੰ ਇਹ ਭੁੱਲ ਜਾਂਦਾ ਹੈ ਕਿ ਪਹਿਲਾਂ ਮੈਂ ਆਪ ਰੱਬ ਦਾ ਬੰਦਾ ਬਣਾਂ, ਤਦੋਂ ਹੀ ਲੋਕ ਮੇਰੇ ਕਹੇ ਇਸ ਰਾਹੇ ਤੁਰਨਗੇ। ਸਿੱਟਾ ਇਹ ਨਿਕਲਦਾ ਹੈ ਕਿ ਆਪਣੇ ਹਿਰਦੇ ਭਾਂਡੇ ਨੂੰ ਪਰਮਾਤਮਾ ਦੇ ਚੱਕ ਵਿਚ ਘੜਾਣ ਤੋਂ ਬਿਨਾ ਉਸ ਦਾ ਪੁਰਾਣਾ ਸੁਭਾਅ ਉਸ ਦੇ ਨਾਲ ਹੀ ਰਹਿੰਦਾ ਹੈ। ਉਹ ਰਾਹੇ ਪਾਣ ਦੇ ਥਾਂ ਦੁਖਾਵੇਂ ਬਚਨ ਬੋਲ ਬੋਲ ਕੇ ਲੋਕਾਂ ਨੂੰ ਸਗੋਂ ਹੋਰ ਵਿੱਥ ਤੇ ਸੁੱਟ ਦੇਂਦਾ ਹੈ। ਸਾਹਿਬ ਫੁਰਮਾਂਦੇ ਹਨ –

***ਆਪਣਾ ਆਪੁ ਨ ਪਛਾਣੈ ਮੂੜਾ, ਅਵਰਾ ਆਖਿ ਦੁਖਾਏ॥***
***ਮੁੰਢੈ ਦੀ ਖਸਲਤਿ ਨ ਗਈਆ, ਅੰਧੇ ਵਿਛੁੜਿ ਚੋਟਾ ਖਾਏ॥੨॥੪॥ ਅੰਗ – ੫੪੯***

## ਪਰਚਾਰ ਦਾ ਅਸਲ ਮਨੋਰਥ

ਪਰਚਾਰਕ ਦੇ ਪ੍ਰਚਾਰ ਦਾ ਅਸਲ ਮਨੋਰਥ ਇਹ ਹੈ ਕਿ ਉਹ ਪਰਮਾਤਮਾ ਨਾਲੋਂ ਟੁੱਟਿਆਂ ਨੂੰ ਪਰਤ ਕੇ ਜੋੜੇ। ਇਹ ਕੰਮ ਉਹ ਤਦੋਂ ਹੀ ਕਰ ਸਕਦਾ ਹੈ ਜੋ ਇਕ ਪਾਸੇ ਟੁੱਟਿਆਂ ਨਾਲ ਉਸ ਦੀ ਹਮਦਰਦੀ ਹੋਵੇ, ਤੇ ਦੂਜੇ ਪਾਸੇ ਜਿੱਥੇ ਜੋੜਨਾ ਹੈ ਉਥੇ ਆਪ ਭੀ ਜੁੜਿਆ ਹੋਵੇ। ਇਹ ਸੁਭਾਉ ਤਦੋਂ ਹੀ ਕਾਇਮ ਰਹਿ ਸਕਦਾ ਹੈ ਜੇ ਉਹ ਹਰ ਵੇਲੇ ਸੁਚੇਤ ਰਹਿ ਕੇ ਆਪ ਨਾਮ ਜਪਦਾ ਰਹੇ। ਨਹੀਂ ਤਾਂ ਉਸ ਦਾ ਆਪਣਾ 'ਆਪਾ' ਪਰਚਾਰ ਦੇ ਉਹਲੇ ਹੋ ਜਾਵੇਗਾ, ਤੇ ਟੁੱਟਿਆਂ ਨੂੰ ਵੇਖ ਕੇ ਸਹਿਜੇ ਸਹਿਜੇ ਉਸ ਦੇ ਮਨ ਵਿਚ ਅਹੰਕਾਰ ਪੈਦਾ ਹੁੰਦਾ ਜਾਵੇਗਾ।

***ਹਉਮੈ ਨਾਵੈ ਨਾਲਿ ਵਿਰੋਧੁ ਹੈ***
***ਦੁਇ ਨ ਵਸਹਿ ਇਕ ਠਾਇ॥***

ਫਿਰ ਤਾਂ ਆਪ ਹੀ ਡਿੱਗ ਪਏਗਾ, ਹੋਰਨਾਂ ਨੂੰ ਕਿਵੇਂ ਜੋੜ ਸਕਦਾ ਹੈ? ਲੋਕਾਂ ਅੱਗੇ ਰੱਬ ਦੀਆਂ ਗੱਲਾਂ ਕਰਨੀਆਂ, ਪਿਤਾ-ਪ੍ਰਭੂ ਦੀ ਝੋਲੀ ਵਿਚੋਂ ਡਿੱਗਿਆਂ ਨੂੰ ਮੁੜ ਝੋਲੀ ਵਿਚ ਅੱਪੜਨ ਲਈ ਪ੍ਰੇਰਨਾ-ਇਹ ਇਕ ਉੱਤਮ ਤੇ ਤਕੜਾ ਕੰਮ ਹੈ। ਪਰ ਪਿਤਾ-ਪ੍ਰਭੂ ਨੂੰ ਪ੍ਰੇਰਨਾ ਕਿ ਡਿੱਗੇ ਪੁੱਤਰਾਂ ਨੂੰ ਝੋਲੀ ਵਿਚ ਪਾ ਲਵੇਂ ਇਹ ਕੰਮ ਉਸ ਤੋਂ ਭੀ ਵੱਡਾ ਤੇ ਉੱਤਮ ਹੈ। ਇਹ ਆਖਣ ਵਿਚ ਵਧੀਕ ਸੁਆਦ ਹੈ ਕਿ–

***ਜਗਤੁ ਜਲੰਦਾ ਰਖਿ ਲੈ, ਆਪਣੀ ਕਿਰਪਾ ਧਾਰਿ॥***
***ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥੧॥੧●॥***
***ਅੰਗ – ੮੫੩***

ਪਿੱਛੇ ਅਸੀਂ ਲਿਖ ਆਏ ਹਾਂ ਕਿ ਪਰਚਾਰਕ ਨੂੰ ਸੁਅੱਛ ਪਰਵਾਹ ਲਈ ਪਵਿੱਤਰ ਹਿਰਦੇ ਦੀ ਲੋੜ ਹੈ। ਪ੍ਰਭੂ ਦਾ ਸਿਮਰਨ, ਪ੍ਰਭੂ ਦੇ ਚਰਨਾਂ ਵਿਚ ਜੁੜਨਾ, ਪ੍ਰਭੂ ਦੀ ਹਜ਼ੂਰੀ ਵਿਚ ਅਰਜ਼ੋਈ ਕਰਦੇ ਰਹਿਣਾ-ਇਹੀ ਇਕ ਤਰੀਕਾ ਹੈ ਜਿਸ ਨਾਲ ਮਨੁੱਖ ਆਪਣੇ ਹਿਰਦੇ ਨੂੰ ਪਵਿੱਤਰ ਕਰ ਸਕਦਾ ਹੈ। ਪਰਚਾਰਕ ਪਹਿਲਾਂ ਪਰਮਾਤਮਾ ਦੀ ਹਜ਼ੂਰੀ ਵਿਚ ਹਾਜ਼ਰ ਹੋਣ ਦੀ ਜਾਚ ਸਿੱਖੇ, ਬਾਣੀ ਵਿਚ ਜੁੜਿਆ ਕਰੇ ਤੇ ਜੁੜ ਕੇ ਪਰਮਾਤਮਾ ਦੇ ਚਰਨਾਂ ਵਿਚ ਲੀਨ ਰਿਹਾ ਕਰੇ, ਤਦੋਂ ਹੀ ਉਸ ਦੇ ਹਿਰਦੇ ਵਿਚ 'ਨਾਮ' ਦਾ ਸੁਅੱਛ ਪਰਵਾਹ ਚੱਲੇਗਾ, ਜੋ ਹੋਰਨਾਂ ਨੂੰ ਭੀ ਪਵਿੱਤਰ ਕਰ ਸਕੇਗਾ।

ਸੁੱਚਾ ਵਖਿਆਨ ਉਹ ਹੈ ਜੋ ਪਹਿਲਾਂ ਪ੍ਰਚਾਰਕ ਦੇ ਆਪਣੇ ਹਿਰਦੇ ਨੂੰ ਸਾਫ਼ ਕਰੇ। ਪਰਚਾਰਕ ਪਹਿਲਾਂ ਸਤਿਗੁਰੂ

ਦੇ ਦੱਸੇ ਹੋਏ ਇਕਾਂਤ - ਸਤਸੰਗ ਵਿਚ ਗੁਰੂ ਦੀ ਸਿੱਖਿਆ ਅਨੁਸਾਰ ਇਉਂ ਆਪਣੇ ਪਰਚਾਰ ਨੂੰ ਤਿਆਰ ਕਰੇ -

*ਜਤੁ ਪਾਹਾਰਾ ਧੀਰਜੁ ਸੁਨਿਆਰੁ॥*
*ਅਹਰਣਿ ਮਤਿ, ਵੇਦੁ ਹਥੀਆਰੁ॥*
*ਭਉ ਖਲਾ ਅਗਨਿ ਤਪ ਤਾਉ॥*
*ਭਾਂਡਾ ਭਾਉ, ਅੰਮ੍ਰਿਤੁ ਤਿਤੁ ਢਾਲਿ॥*
*ਘੜੀਐ ਸਬਦੁ ਸਚੀ ਟਕਸਾਲ॥*
*ਜਿਨ ਕਉ ਨਦਰਿ ਕਰਮੁ ਤਿਨ ਕਾਰ॥*
*ਨਾਨਕ ਨਦਰੀ ਨਦਰਿ ਨਿਹਾਲ॥੩੮॥ ਜਪੁਜੀ ਸਾਹਿਬ*

ਪਰਚਾਰਕ ਦੀ ਪਾਠਸ਼ਾਲਾ ਪਰਮਾਤਮਾ ਦੀ ਹਜ਼ੂਰੀ ਤੇ ਪਰਮਾਤਮਾ ਦੀ ਯਾਦ ਹੋਣੀ ਚਾਹੀਦੀ ਹੈ। ਪ੍ਰਭੂ ਦੀ ਯਾਦ ਉਸ ਵਾਸਤੇ ਪੌੜੀ ਦਾ ਕੰਮ ਦੇਂਦੀ ਹੈ। ਸਿਮਰਨ ਦੇ ਰਾਹੀਂ ਪ੍ਰਚਾਰਕ ਦੇ ਖਿਆਲ ਤੇ ਉਸ ਦਾ ਉਪਦੇਸ਼ ਮਨੁੱਖਾਂ ਵਲ ਪਰਤਣ ਤੋਂ ਪਹਿਲਾਂ ਪਰਮਾਤਮਾ ਵਲ ਪਰਤਦੇ ਹਨ। ਇਸ ਤਰ੍ਹਾਂ ਉਸ ਦੇ ਪਰਚਾਰ ਦਾ ਹਰੇਕ ਹਿੱਸਾ ਮਨੁੱਖਾਂ ਤਕ ਅੱਪੜਨ ਤੋਂ ਪਹਿਲਾਂ ਪਰਮਾਤਮਾ ਦੇ ਦਰ ਦੀ ਅੰਮ੍ਰਿਤ-ਵਰਖਾ ਨਾਲ ਭਿੱਜ ਜਾਂਦਾ ਹੈ ਤੇ 'ਨਾਮ' ਨਾਲ ਸੁਗੰਧਿਤ ਹੋ ਜਾਂਦਾ ਹੈ।

ਇੰਜਣ ਦੀ ਭਾਵੇਂ ਸਾਰੀ ਮਸ਼ੀਨਰੀ ਤਿਆਰ ਹੁੰਦੀ ਹੈ, ਪਰ ਜਦ ਤਕ ਉਸ ਵਿਚ ਅੱਗ ਨਾ ਭਖਾਈ ਜਾਏ, ਉਹ ਚੱਲ ਨਹੀਂ ਸਕਦਾ। ਪਰਚਾਰ ਦੀ ਮਸ਼ੀਨਰੀ (ਭਾਵ, ਪਰਚਾਰਕ) ਭੀ ਭਾਵੇਂ ਵਿੱਦਿਆ ਆਦਿਕ ਨਾਲ ਮੁਕੰਮਲ ਹੋਵੇ, ਪਰ ਜਦ ਤਕ ਪਰਚਾਰਕ ਦੇ ਹਿਰਦੇ ਵਿਚ ਪਰਮਾਤਮਾ ਦੇ ਭਜਨ ਨੇ ਭਾਫ ਪੈਦਾ ਨਹੀਂ ਕੀਤੀ, ਇਹ ਮਸ਼ੀਨਰੀ ਭੀ ਚੱਲ ਨਹੀਂ ਸਕੇਗੀ। ਇਹ ਅੱਤ ਜਰੂਰੀ ਹੈ ਕਿ ਭਜਨ ਦੇ ਨਾਲ ਨਾਲ ਪਰਚਾਰਕ ਪਹਿਲਾਂ ਪ੍ਰਭੂ-ਪਿਤਾ ਨੂੰ ਜੀਵਾਂ ਵੱਲ ਪ੍ਰੇਰੇ, ਤਾਂ ਕਿ ਜੀਵਾਂ ਨੂੰ ਆਪਣੇ ਪਰਚਾਰ ਨਾਲ ਪ੍ਰਭੂ ਪਿਤਾ ਵਲ ਪ੍ਰੇਰ ਸਕੇ। ਪਰਚਾਰਕ ਭੀ ਮਨੁੱਖ ਹਨ, ਮਨੁੱਖਾ ਸੁਭਾਵ ਵਾਲੇ ਹਨ, ਇਹ ਭੀ ਹੋਰ ਜੀਵਾਂ ਵਾਂਗ ਮਨ ਦੀ ਤਰੰਗਾਂ ਦੇ ਕਾਬੂ ਆ ਸਕਦੇ ਹਨ। ਪਰਮਾਤਮਾ ਦਾ ਭਜਨ ਮਨ ਦੇ ਰੰਗਾਂ ਤੇ ਵਿਕਾਰਾਂ ਨੂੰ ਰੋਕਣ ਦਾ ਸਾਧਨ ਹੈ। ਮਨ ਚਾਹੁੰਦਾ ਹੈ ਕਿ ਇਹਨਾਂ ਤਰੰਗਾਂ ਵਿਚ ਤਾਰੀਆਂ ਲਾਉਂਦਾ ਹੋਇਆ ਹੀ ਮੁਕਤ ਹੋ ਜਾਵਾਂ। ਪਰ ਭਜਨ ਇਸ ਦੀ ਤਰੰਗਾਂ ਨੂੰ, ਅਹੰਕਾਰ ਆਦਿਕ ਵਿਕਾਰਾਂ ਨੂੰ, ਦਬਾਂਦਾ ਹੈ। ਮਨ ਇਸ ਕਾਠੀ ਨੂੰ ਪ੍ਰਵਾਨ ਨਹੀਂ ਕਰਦਾ। ਤਦੋਂ ਪਰਚਾਰਕ ਭੀ ਜਗਤ ਦੇ ਹੋਰ ਲੋਕਾਂ ਵਾਂਗ ਜਾਂ ਤਾਂ ਉੱਕਾ ਹੀ ਪ੍ਰਭੂ ਦੀ ਹਜ਼ੂਰੀ ਵਿਚ ਹਾਜ਼ਰ ਹੋਣ ਦਾ ਉੱਦਮ ਛੱਡ ਦੇਂਦਾ ਹੈ, ਜਾਂ ਉਸ ਸੱਚੇ ਉੱਦਮ ਤੋਂ ਢਿੱਲਾ ਪੈ ਕੇ ਨਿੱਤ-ਨੇਮ ਨੂੰ ਛੇਤੀ ਛੇਤੀ ਪੜ੍ਹ ਕੇ ਮੁਕਾਣ ਦੀ ਕਰਦਾ ਹੈ। ਇਸ ਤਰ੍ਹਾਂ ਪਰਚਾਰਕ ਆਪਣੇ ਆਪ ਨੂੰ ਭੁਲੇਖੇ ਵਿਚ ਰੱਖਦਾ ਹੈ। ਉਹ ਸਮਝਦਾ ਹੈ ਕਿ ਮੈਂ ਆਪਣੀ ਜ਼ਿੰਮੇਵਾਰੀ ਨਿਬਾਹੀ ਜਾਂਦਾ ਹਾਂ। ਪਰ ਅਸਲ ਵਿਚ ਉਸ ਦੀ ਆਤਮਾ ਆਪਣੀ ਮੌਤ ਵਲ ਤੁਰਿਆ ਜਾ ਰਿਹਾ ਹੁੰਦਾ ਹੈ।

ਭਜਨ ਵਿਚ ਸਫਲਤਾ ਉਸੇ ਮਨੁੱਖ ਨੂੰ ਹਾਸਲ ਹੁੰਦੀ ਹੈ, ਜੋ ਆਪਣਾ ਬਹੁਤਾ ਸਮਾਂ ਇਸ ਵਿਚ ਖ਼ਰਚ ਕਰਦਾ ਹੈ। ਇਹੀ ਇਸ ਸਫਲਤਾ ਦਾ ਭੇਤ ਹੈ। ਪਰਮਾਤਮਾ ਨਾਲ ਕਾਹਲੀ ਵਿਚ ਯਾਰੀ, ਨਹੀਂ ਪੈ ਸਕਦੀ। ਜੋ ਮਨੁੱਖ ਕਦੇ-ਕਦਾਈਂ ਇੱਧਰ ਫੇਰਾ ਮਾਰਦਾ ਹੈ, ਜਾਂ ਰੋਜ਼ ਆਉਂਦਾ ਹੋਇਆ ਭੀ ਸੰਸਾਰ ਦੇ ਹੋਰ ਧੰਧਿਆਂ ਦੀ ਕਾਹਲੀ ਵਿਚ ਰਹਿੰਦਾ ਹੈ, ਉਸ ਨੂੰ ਇਸ ਦਰ ਤੇ 'ਨਾਮ ਦੀ ਖ਼ੈਰ' ਮਿਲਣੀ ਔਖੀ ਗੱਲ ਹੈ।

ਜਿਸ ਪਰਚਾਰਕ ਨੂੰ ਪਰਮਾਤਮਾ ਦੇ ਪਿਆਰ ਦਾ ਖ਼ੁਦ ਨੂੰ ਸੁਆਦ ਨਹੀਂ ਆਇਆ, ਉਹ ਹੋਰ ਕਿਸੇ ਨੂੰ ਕੀ ਵਰਤਾਏਗਾ? ਪ੍ਰਭੂ ਦੇ ਪ੍ਰੇਮ ਦਾ ਰਸ ਲੈਣ ਵਾਲਾ ਮਨੁੱਖ ਜੇ ਸੰਸਾਰਕ ਪਦਾਰਥਾਂ ਦੇ ਰਸੀਏ - ਮਨੁੱਖਾਂ ਨਾਲ ਭੀ ਪਿੱਛੋਂ ਸਵੇਰੇ ਉੱਠੇ ਤਾਂ ਉਸ ਨੂੰ ਉਸ ਰਸ ਦੀ ਪ੍ਰਾਪਤੀ ਦੀ ਕਿਵੇਂ ਆਸ ਹੋ ਸਕਦੀ ਹੈ? ਜਿਸ ਨੂੰ ਨਾਮ-ਰਸ ਨਾਲੋਂ ਨੀਂਦ-ਰਸ ਵਧੀਕ ਪਿਆਰਾ ਹੈ ਉਹ ਨਾਮ ਰਸ ਨਹੀਂ ਲੈ ਸਕਦਾ।

ਇਹ ਇਕ ਵੱਡਾ ਭੁਲੇਖਾ ਹੈ ਕਿ ਜੇ ਪਰਚਾਰਕ ਭਗਤੀ-ਭਜਨ ਵਿਚ ਬਹੁਤਾ ਸਮਾਂ ਖਰਚ ਕਰੇਗਾ, ਤਾਂ ਉਹ ਪਰਚਾਰ ਦਾ ਕੰਮ ਬਹੁਤ ਘੱਟ ਕਰੇਗਾ। ਅਸਲ ਵਿਚ ਸੱਚ ਭਜਨੀਕ ਪ੍ਰਚਾਰਕ ਦੀ ਦਸ਼ਾ ਇਸ ਤੋਂ ਬਿਲਕੁਲ ਉਲਟ ਹੋਵੇਗੀ। ਭਗਤੀ ਦਾ ਭਾਵ ਇਹ ਹੈ ਕਿ ਭਗਤ ਜਨ ਪੂਜਯ ਪ੍ਰਭੂ ਦੇ ਰੂਪ ਵਿਚ ਲੀਨ ਹੋ ਜਾਏ, ਉਸ ਦੇ ਗੁਣਾਂ ਵਿਚ ਰੰਗਿਆ ਜਾਏ, ਉਸ ਦਾ ਸੁਭਾਉ ਗ੍ਰਹਿਣ ਕਰ ਲਏ। ਜਿਹੜਾ ਪ੍ਰਚਾਰਕ ਸਤ-ਮੂਰ ਪਰਮਾਤਮਾ ਦੇ ਸੁਭਾਅ ਨੂੰ ਗ੍ਰਹਿਣ ਕਰ ਚੁਕਿਆ ਹੈ ਉਸ ਵਿਚ ਆਲਸ ਕਿੱਥੇ ਆ ਸਕਦਾ ਹੈ? ਉਹ ਤਾਂ ਸਗੋਂ ਉੱਦਮ-ਸਰੂਪ ਹੋ ਜਾਵੇਗਾ। ਸੋ, ਜਿਉਂ ਜਿਉਂ ਪਰਚਾਰਕ ਪਰਮਾਤਮਾ ਦੇ ਚਰਨਾਂ ਵਿਚ ਵਧੀਕ, ਜੁੜੇਗਾ, ਤਿਉਂ ਤਿਉਂ ਉਹ ਰਜਾ ਵਿਚ ਅਤੇ ਰਜ਼ਾ ਦੇ ਮਾਲਕ ਵਿਚ ਲੀਨ ਹੁੰਦਾ ਜਾਏਗਾ ਤੇ ਉਸਦੇ ਗੁਣ ਗ੍ਰਹਿਣ ਕਰੇਗਾ। ਜੇ ਇਹ ਨਹੀਂ ਤਾਂ -

*ਅਤਿ ਸੁੰਦਰ ਕੁਲੀਨ ਚਤੁਰ, ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥੧॥੧੬॥ ਅੰਗ - ੨੫੩*

**(ਬਾਕੀ ਪੰਨਾ 23 'ਤੇ)**

# ਸ੍ਰੀ ਗੁਰੂ ਅਰਜਨ ਦੇਵ ਜੀ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਦਰਸ਼ਨਾਂ ਵਿਚ ਦਸ ਗੁਰੂ ਸਾਹਿਬਾਨ ਦੇ ਪ੍ਰਤੱਖ ਦਰਸ਼ਨ ਹਨ। ਵਿਸ਼ੇਸ਼ ਕਰਿ ਸ੍ਰੀ ਗੁਰੂ ਪੰਚਮੇਸ਼ ਸ੍ਰੀ ਗੁਰੂ ਅਰਜਨ ਦੇਵ ਜੀ ਸਾਹਿਬ ਦੇ ਨਿਤਾਪ੍ਰਤੀ ਸਾਂਗ ਪਾਂਗ ਦਿਦਾਰੇ ਹੁੰਦੇ ਹਨ। ਪਰ ਸ਼ਰਧਾ ਦੀਆਂ ਜੋਤਾਂ ਵਾਲੇ ਦਿਬ-ਦ੍ਰਿਸ਼ਟ ਦੀਦਿਆਂ ਨੂੰ, ਅਖੰਡਾਕਾਰ ਲਿਵਤਾਰ ਵਾਲੇ ਜਤਿ-ਲਤੀਫੀ ਲੋਇਣਾ ਨੂੰ ਸਤਿਗੁਰੂ ਜੀ ਦੇ ਸ਼ਿਵ-ਮਸਤ-ਅਨਿੰਨ ਭਗਤਾਂ ਅਤੇ ਆਤਮ ਕਮਾਈ ਵਾਲੇ ਪੁਗ ਖਲੋਤੇ ਗੁਰਮੁਖ ਜਨਾਂ ਨੂੰ ਤਾਂ ਹਰ ਛਿਨ ਆਠ ਜਾਮ ਚੌਸਠ ਘੜੀ ਸਨਮੁਖ ਦਿਬ-ਦਰਸਾਰਿਆਂ ਨੂੰ ਨਿਰਖਤ ਹੀ ਬਿਹਾਉਂਦੀ ਹੈ। ਗੁਰਮਤਿ ਨਾਮ ਕਮਾਈ ਵਾਲੇ ਜਗਿਆਸੂ ਸਰਧਾਵੰਤ ਰਸਕ ਬੈਰਾਗੀ ਅਤੇ ਗੁਰਸਿੱਖਾਂ ਦੀ ਆਤਮ-ਬਿਰਤੀ ਨੂੰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ-ਦਿਦਾਰ ਕਰਦਿਆਂ ਹੋਇਆਂ ਇਹ ਹਲੂਣਾ ਵੱਜ ਜਾਂਦਾ ਹੈ ਕਿ ਕਲਜੁਗ ਦੇ ਸੱਚੇ ਬੋਹਿਥ ਅਤੇ ਅੰਮ੍ਰਿਤ, ਨਾਮ-ਅੰਮ੍ਰਿਤ ਬਾਣੀ ਦੇ ਭਵਤਾਰਕ ਜਹਾਜ਼ ਗੁਰੂ ਗਰੀਬ-ਨਿਵਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਮੋਲਕ ਦਰਸ਼ਨਾਂ ਦੀ ਦਾਤਿ, ਜੋ ਅੱਜ ਸਾਨੂੰ ਪ੍ਰਾਪਤ ਹੈ, ਸੋ ਕੇਵਲ ਗੁਰੂ ਅਰਜਨ ਸਾਹਿਬ ਜੀ ਦੀਆਂ ਅਪਰ ਅਪਾਰ ਉਪਰ ਕੁਰਬਾਨੀਆਂ ਦਾ ਸਦਕਾ ਹੈ।

ਇਸ ਅਮੋਲਕ ਦਾਤਿ ਬਿਹੂਣ, ਇਸ ਅਮੁੱਲ ਬਖਸ਼ੀਸ਼ ਬਿਹੂਣ, ਇਸ ਅਮੁੱਲ ਨੀਸਾਣ ਬਿਹੂਣ ਇਨਸਾਨੀ ਜਾਮੇ ਦੇ ਸਾਰੇ ਸੰਸਾਰੀ ਜੀਵ ਲੁਛਿ-ਲੁਛਿ ਕੇ ਤੇ ਤੁੱਕ ਤੁੱਕ ਕੇ ਮਰ ਜਾਂਦੇ ਅਤੇ ਮਰ ਕੇ ਰਸਾਤਲ ਨੂੰ ਚਲੇ ਜਾਂਦੇ। ਜੀਵਾਂ ਦੀ ਗਤਿ ਮੁਕਤਿ ਕਲਿਆਣ ਉਧਾਰ ਦਾ ਦਰਵਾਜ਼ਾ ਹਮੇਸ਼ਾ ਲਈ ਬੰਦ ਹੋ ਜਾਂਦਾ। ਗੁਰਸਿੱਖੀ ਦਾ ਜੀਵਨ ਹੀ ਸਫਰ-ਏ-ਹਸਤੀ ਤੋਂ ਮਿਟ ਜਾਂਦਾ। ਅਰਸ਼ਾਂ ਤੋਂ ਆਈ ਅੰਮ੍ਰਿਤ ਬਾਣੀ ਦਾ ਸਰਸ਼ਾਰ ਸੋਮਾ ਹਮੇਸ਼ਾ ਲਈ ਲੁਪਤ ਗੁਪਤ ਹੋ ਜਾਂਦਾ।

ਉਰਵਾਰ ਪਾਰ ਦੇ ਦਾਨੀ ਅਤੇ ਅਗਮ ਨਿਗਮ ਦੇ ਜਾਨਣਹਾਰੇ ਗੁਰੂ ਅਰਜਨ ਸਾਹਿਬ ਜੀ ਮਹਾਰਾਜ਼ ਨੇ ਕਲੀਕਾਲ ਦੇ ਭਵਿਖਤ ਤੋਂ ਭਲੀ ਭਾਂਤ - ਬੁਝ ਕੇ ਸੰਸਾਰੀ ਜੀਵਾਂ ਨੂੰ ਭਵਸਾਗਰ ਨੂੰ ਤਾਰਨ ਹਿਤ ਸਭ ਤੋਂ ਭਾਰਾ ਉਪਕਾਰ ਇਹ ਕੀਤਾ ਕਿ ਗੁਰਬਾਣੀ ਦੀਆਂ ਸਮੱਗਰ ਸੰਚੀਆਂ ਨੂੰ ਇਕੱਤ੍ਰ ਕਰ ਕੇ ਸਮੂਹ ਗੁਰਬਾਣੀ ਦੀ ਬੀੜ ਬੱਧੀ ਅਤੇ ਸ੍ਰੀ ਗ੍ਰੰਥ ਸਾਹਿਬ ਜੀ ਨੂੰ ਗੁਰੂ ਸਰੂਪ ਬਣਾਇ ਕੇ ਗੁਰੂ ਪੂਜਾ ਗੁਰਬਾਣੀ ਦਾ ਧੁਰਵਾ ਬੰਨ੍ਹਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਹੱਥੀਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਸਥਾਪਨ ਕੀਤਾ। ਅਸਥਾਪਨ ਹੋਣ ਵਾਲੇ ਅਵਸਰ ਤੋਂ ਹੀ ਗੁਰੂ ਸ੍ਰੀ ਗ੍ਰੰਥ ਸਾਹਿਬ ਜੀ ਦੀ ਪੂਜਾ ਪ੍ਰਤਿਸ਼ਟਾ ਗੁਰੂ ਦੇ ਸੱਚੇ ਸਰੂਪ ਵਿਚ ਹੋਣੀ ਅਰੰਭ ਹੋ ਗਈ। ਨਾਦੀ ਬਿੰਦੀ ਸੋਢਬੰਸ ਖਾਲਸਾ ਗੁਰੂ ਆਪਣੇ ਅਸਲ ਸਰੂਪ ਵਿਚ ਓਸੇ ਦਿਨ ਤੋਂ ਗੁਰਧਾਮੀ ਮਰਕਜ਼ ਵਿਖੇ ਅਸਥਿਤ ਹੋ ਗਿਆ। ਗੁਰੂ ਦੀ ਗੁਰੱਤਤਾ, ਸੱਚੀ ਗੁਰਤੱਤਾ ਸੰਦੀ ਨਿਹਚਲ ਨੀਂਵ ਗੁਰੂ ਅਰਜਨ ਸਾਹਿਬ ਜੀ ਨੇ ਜੁਗਾਂ ਪ੍ਰਯੰਤ ਮੁਹਕਮ ਰਹਿਣ ਲਈ ਉਸਾਰ ਦਿੱਤੀ। ਅਤੇ ਡੰਕੇ ਦੀ ਚੋਟ ਨਾਲ, ਇਸ ਗੱਲ ਨੂੰ ਦ੍ਰਿੜਾਏ ਪ੍ਰਗਟਾਏ ਦਿੱਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਅੱਜ ਤੋਂ ਸੱਚਾ ਗੁਰੂ ਜੁਗ ਜੁਗ ਅਤੇ ਜੁਗਾਂ ਪ੍ਰਯੰਤ ਅਵਤਾਰ ਧਾਰੀ ਰਖੇਗਾ।

ਭਾਈ ਗੁਰਦਾਸ ਜੀ ਦੇ ਮਹਾਂ ਵਾਕ 'ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ' ਦੇ ਅਸਲ ਅਰਥ ਇਹੋ ਹਨ ਕਿ ਗੁਰੂ ਅਰਜਨ ਦੇਵ ਜੀ ਮਹਾਰਾਜ ਦੁਆਰਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਧਰੀ ਹੋਈ, ਸੱਚੇ ਗੁਰੂ ਅਵਤਾਰ ਦੀ ਧਰੀ ਹੋਈ ਨੀਂਹ ਅਜ਼ਲ ਤੋਂ ਅਬਦ ਤਾਈਂ ਧਰੀ ਹੀ ਰਹੇਗੀ। ਨਿਹਚਲ ਨੀਂਹ ਜੁ ਹੋਈ। ਇਸ ਸੋਢਬੰਸ ਖਾਲਸੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਚੇ ਸਰੂਪ ਵਿਚ ਚਲੀ ਹੋਈ ਸੋਢਬੰਸ ਦੀ ਪੀੜ੍ਹੀ ਸਦਾ ਲਈ ਚਲੀ ਰਹੇਗੀ। ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਚੇ ਖਾਲਸਾ (ਸੋਢਬੰਸ) ਗੁਰੂ

ਸਰੂਪ ਵਿਚ ਹੀ ਓਤਿ ਪੋਤਿ ਬਿੰਦੀ ਨਾਦੀ ਬੰਸ ਅਵਤਾਰੀ ਗੁਰੂ ਪਾਤਸ਼ਾਹੀਆਂ ਦੇ ਦਿਬ ਜੋਤਿ ਜਾਮੇ, ਜਗਿਆਸੂ-ਸਿੱਖ-ਭਗਤ ਦੀ ਸ਼ਰਧਾ-ਭਾਵਨੀ ਅਨੁਸਾਰ ਹਰ ਜ਼ਾਮੇ ਵਿਚ ਹਰ ਸਮੇਂ ਹਰ ਛਿੰਨ ਜਦੋਂ, ਚਾਹੇ, ਬਾਰੰਬਾਰ ਆਪਣਾ ਜੋਤਿ ਸਰੂਪ ਰੂਪ ਦਰਸਾਉਂਦੇ ਰਹਿਣਗੇ।

ਭਾਈ ਗੁਰਦਾਸ ਜੀ ਦੇ 'ਚਲੀ ਪੀੜੀ ਸੋਢੀਆਂ ਰੂਪੁ ਦਿਖਾਵਣਿ ਵਾਰੋ ਵਾਰੀ' ਵਾਲੇ ਵਾਕ ਦੇ ਵਾਸਤਵੀ ਭਾਵ ਅਰਥ ਇਹੋ ਹਨ ਜੋ ਉਪਰ ਦਰਸਾਏ ਗਏ ਹਨ। ਗੁਰੂ ਅਰਜਨ ਸਾਹਿਬ ਜੀ ਨੇ ਮਹਾਂ ਉਪਕਾਰ ਕਰ ਕੇ ਬਨਾਵਟੀ ਦੇਹਧਾਰੀ ਗੁਰੂਆਂ ਦਾ ਟੰਟਾ ਹੀ ਮੁੱਕਾ ਦਿਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤੱਤਾ ਦਾ ਜਨਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰਿਮੰਦਰ ਸਾਹਿਬ ਵਿਖੇ ਅਸਥਾਪਨ ਹੋਣ ਦੇ ਦਿਨ ਤੋਂ ਹੀ ਹੋ ਚੁੱਕਾ ਸੀ। ਕੇਵਲ ਗੁਰੱਤਤਾਵੀ ਪ੍ਰਗਟ ਪਦਵੀ, ਜੁਗੋ ਜੁਗ ਅਟੱਲ ਪਦਵੀ ਦੀ ਰਸਮ ਹੀ ਬਾਕੀ ਸੀ, ਜੋ ਅਟਲ ਬਾਣੇ ਅੰਦਰ ਸ੍ਰੀ ਦਸਮੇਸ਼ ਗੁਰੂ ਪਾਤਸ਼ਾਹ ਨੇ ਆਪਣੇ ਗੁਰੂ ਜਾਮੇ ਦੀ ਅਵਧੀ ਪਸਚਾਤ ਹੀ ਅਦਾ ਕਰਨੀ ਸੀ। ਜੈਸੇ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦੇਹ ਜਾਮੇ ਅੰਦਰ ਗੁਰੱਤਤਾ ਦੀ ਅੰਸ ਅਮਰ ਦਾ ਅਵਤਾਰ (ਜਨਮ) ਤਾਂ ਚਿਰੋਕਣਾ ਪਹਿਲਾਂ ਹੀ ਹੋ ਚੁਕਾ ਸੀ। ਪ੍ਰੰਤੂ ਭਾਣੇ ਅੰਦਰ ਦੋ - ਗੁਰੂ, ਪਾਤਸ਼ਾਹ ਜਾਮੇ ਭੁਗਤਣ ਪਸਚਾਤ ਹੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਗੁਰੂ ਪਦਵੀ ਮਿਲਣੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਾਮੇ ਨੂੰ ਅਵਤਾਰ ਦਿੱਤਾ ਤਾਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਦਿੱਤਾ ਅਤੇ ਇਹ ਐਸਾ ਸਫਲ-ਜਨੰਮਾ ਜਨਮ ਹੈ ਜੋ ਨਿਰੋਲ ਨਾਦ-ਅੰਸੀ ਅਵਤਾਰ ਹੋਣ ਕਰਿ ਸਦਾ ਅਬਿਨਾਸ਼ੀ ਹੈ।

ਅੱਜ ਅਸੀਂ ਸੱਚੀ ਫਖਰ ਭਰੀ ਗੌਰਵਤਾ ਸਹਿਤ ਕਹਿਣ ਦਾ ਅਧਿਕਾਰ ਰਖਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਾਜ਼ਰ ਹਜ਼ੂਰ, ਜ਼ਾਹਰ ਜ਼ਰੂਰ ਅਤੇ ਪ੍ਰਗਟ ਰੂਪ ਵਿਚ ਦਸੋਂ ਗੁਰੂ ਪਾਤਸ਼ਾਹੀਆਂ ਦਾ ਪਰਤੱਖ ਸਰੂਪ ਹਾਜ਼ਰ ਨਾਜ਼ਰ ਹੈ ਅਤੇ ਜੁਗਾਂ ਪ੍ਰਯੰਤ ਹਾਜ਼ਰ ਨਾਜ਼ਰ ਰਹੇਗਾ। ਸ੍ਰੀ ਗੁਰੂ ਅਰਜਨ ਸਾਹਿਬ ਜੀ ਜੇਕਰ ਇਹ ਅੱਜ ਉੱਚਾ ਉਪਕਾਰ ਨਾ ਕਰਦੇ ਤਾਂ ਅੱਜ ਦਸਾਂ ਪਾਤਸ਼ਾਹੀਆਂ ਦੀ ਜਾਹਰ ਜਹੂਰਤਾ ਅਤੇ ਹਾਜਰ ਨਾਜ਼ਰਤਾ ਦਾ ਅਬਿਨਾਸ਼ੀ ਅਨੰਦ ਅਸੀਂ ਕਦੇ ਨਾ ਮਾਣ ਸਕਦੇ। ਗੁਰੂ ਰੂਪ ਬਾਣੀ ਦੇ ਵਜੂਦ ਪ੍ਰਭਾਵ ਕਰਿ ਹੀ ਗੁਰੂ ਦਾ ਜੋਤਿ-ਸਰੂਪੀ ਪਰਤੱਖ ਸਰੂਪ ਪ੍ਰਗਟ, ਪਾਹਾਰੇ ਜਾਪਦਾ ਹੈ। ਗੁਰੂ ਉਪਦੇਸ਼ ਰੂਪੀ ਗੁਰਬਾਣੀ ਦਾ ਸਰੂਪ ਹੀ ਜੇਕਰ ਅਸਾਥੋਂ ਅਲੋਪ ਗੋਪ ਹੋ ਜਾਂਦਾ ਤਾਂ ਗੁਰੂ-ਹਿਰਦਾ ਸਾਡੇ ਤੀਕ ਕੀਕੂੰ ਅੱਪੜਦਾ! ਗੁਰ ਸਾਹਿਬਾਨ ਦੀ ਇਹ ਨਿਜ ਸਰੂਪੀ ਯਾਦ ਸਾਡੇ ਤੀਕ ਕੀਕੂੰ ਅੱਪੜਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਜੂਦ ਦੀ ਅਟੱਲਤਾ ਅੰਦਰ ਦਸੋ ਗੁਰੂ ਪਾਤਸ਼ਾਹੀਆਂ ਦੀ ਨਿਜ ਸਰੂਪੀ ਅਟੱਲ ਤੇ ਵਿਸ਼ੇਸ਼ ਕਰਿ ਇਹ ਅਟੱਲਤਾ ਕਾਇਮ ਹੈ ਅਤੇ ਗੁਰੂ ਸਾਹਿਬਾਨ ਦੀ ਯਾਦ ਭੀ ਅਟੱਲ ਹੈ।

ਇਸ ਅਟੱਲਤਾ ਅਤੇ ਕਾਇਮੀ ਖ਼ਾਤਰ ਹੀ ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਨੇ ਸਦਾ ਅਟੱਲ ਰਹਿਣ ਵਾਲੀ ਕੁਰਬਾਨੀ ਦੇ ਪੂਰਨੇ ਪਾਏ। ਕੁਰਬਾਨੀ ਭੀ ਉਹ, ਜਿਸ ਦੀ ਮਿਸਾਲ ਸਿਵਾਏ ਗੁਰੂ ਘਰ ਦੇ ਹੋਰ ਕਿਤੇ ਨਹੀਂ ਮਿਲਦੀ। ਅਦੁਤੀ ਕੁਰਬਾਨੀ ਦੁਆਰਾ ਅਦੁੱਤੀ ਅਟੱਲਤਾ ਦਾ ਮੇਅਰਾਜ ਪ੍ਰਾਪਤ ਹੋਇਆ ਤਾਂ ਕੇਵਲ ਗੁਰੂ ਅਰਜਨ ਦੇਵ ਜੀ ਨੂੰ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅੱਖਰ ਅੱਖਰ ਸਾਨੂੰ ਸੱਚੀ ਕੁਰਬਾਨੀ ਦਾ ਸਬਕ ਸਿਖਾਉਂਦਾ ਹੈ। ਸੱਚ ਪੁਛੋ ਤਾਂ ਗੁਰਬਾਣੀ, ਗੁਰ-ਸ਼ਬਦ ਕਮਾਇਆਂ ਹੀ ਸੱਚੀ ਕੁਰਬਾਨੀ ਦੀ ਆਤਮ-ਜਾਗ ਲਗਦੀ ਹੈ। ਕੁਰਬਾਨੀ ਦੀ ਸੱਚੀ ਸਪਿਰਟ (ਸਪਿਰਿਟ) ਹੀ ਗੁਰਸਿੱਖੀ ਦੀ ਕਮਾਈ ਵਿਚ ਹੈ। ਇਹ ਗੁਰਬਾਣੀ ਗੁਰ-ਸ਼ਬਦ ਦੀ ਕਮਾਈ ਹੀ ਹੈ ਜੋ ਜਗਿਆਸੂ ਦੀ ਆਤਮਾ ਨੂੰ ਜੀਵਨ-ਜਾਗ ਲਾਉਂਦੀ ਹੈ। ਇਹ ਗੁਰੂ-ਸ਼ਬਦ, ਗੁਰਮਤਿ ਨਾਮ ਦੀ ਅਭਿਆਸ ਕਮਾਈ ਹੀ ਹੈ ਜੋ ਆਤਮਾ ਨੂੰ ਜੋਤਿ-ਜਗੰਨੇ ਰੰਗ ਲਾਉਂਦੀ ਹੈ ਅਤੇ ਲਾਈ ਰਖਦੀ ਹੈ ਅਤੇ ਲਾ ਕੇ ਖਿੜਾਈ ਰਖਦੀ ਹੈ।ਆਤਮ-ਰੰਗਾਂ ਦੇ ਖੇੜੇ ਵਿਚ ਹੀ ਸੱਚੀ ਕੁਰਬਾਨੀ ਦੇ ਸੱਚੇ ਪੂਰਨੇ ਪੈ ਸਕਦੇ ਹਨ। ਆਤਮ-ਰੰਗਾਂ ਦੇ ਖਿੜਾਉ ਵਿਚ ਸੱਚੀ ਸੂਰਮਤਾਈ ਦੀ ਸਪਿਰਿਟ, ਪਰਜੁਲਤ ਹੁੰਦੀ ਹੈ। ਆਤਮ-ਰੰਗ ਲਗੇ, ਬਾਝੋਂ ਕੋਈ ਪ੍ਰਾਣੀ ਸੂਰਾ (ਸੂਰਮਾ) ਨਹੀਂ ਬਣ ਸਕਦਾ। ਆਹ! ਕੈਸਾ ਸੋਹਣਾ ਗੁਰਵਾਕ ਸੂਰਮੇ ਬਣਾਉਣ ਵਾਲਾ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਉਚਾਰਨ ਕੀਤਾ ਹੈ, ਯਥਾ ਗੁਰਵਾਕ -

***ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥***
***ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥੧॥(੪॥੩੫)*** ***ਅੰਗ - ੬੭੮●***

ਇਸ ਗੁਰਵਾਕ ਦਾ ਸਪੱਸ਼ਟ ਭਾਵ ਹੈ ਕਿ ਸੱਚਾ ਸੂਰਮਾ ਸੋਈ ਹੈ ਜਿਸ ਨੂੰ ਇਸ ਜੁਗ ਵਿਖੇ, ਅਰਥਾਤ, ਇਸ ਜ਼ਮਾਨੇ ਅੰਦਰਿ ਹਰਿ-ਰੰਗ, ਸੱਚੇ ਨਾਮ ਦਾ ਰੰਗ ਲਗਿਆ ਹੈ। ਸੱਚੇ ਪਰਮਾਤਮੀ ਰੰਗ ਆਤਮ ਕਮਾਈਆਂ ਕਰਿ ਹੀ ਲਗਦੇ ਅਤੇ ਲਗ ਸਕਦੇ ਹਨ। ਨਾਮ ਅਭਿਆਸ

***(ਬਾਕੀ ਪੰਨਾ 30 'ਤੇ)***

# ਲਾਸਾਨੀ ਕੁਰਬਾਨੀ ਪੰਜਵੇਂ ਨਾਨਕ ਦੀ

*(ਪ੍ਰਿੰਸੀਪਲ ਸੱਜਣ ਸਿੰਘ ਜੀ)*

ਹਰੇਕ ਮੌਤ ਸਹਾਦਤ ਨਹੀਂ ਹੁੰਦੀ। ਅਖੌਤੀ ਸਮਾਜਕ ਨੇਤਾ ਜਾਂ ਰਾਜਨੀਤਕ ਲੀਡਰ ਦੀ ਗ਼ੈਰ-ਕੁਦਰਤੀ ਮ੍ਰਿੱਤੂ ਨੂੰ ਸ਼ਹਾਦਤ ਦਾ ਦਰਜਾ ਦੇਣਾ, ਸੱਚੇ ਸ਼ਹੀਦਾਂ ਦੀ ਆਤਮਾ ਨੂੰ ਠੇਸ ਪਹੁੰਚਾਣਾ ਹੈ। ਭੈ-ਭੰਜਨ ਪਰ-ਪੀਰ-ਨਿਵਾਰਨ ਵਾਲਾ ਸੂਰਮਾ ਹੀ ਹਰਿ-ਦਰਗਹਿ ਵਿਚ ਪ੍ਰਵਾਨ ਹੁੰਦਾ ਹੈ। ਉਹ ਧੀਰਜ, ਅਗੰਮੀ ਖੇੜੇ, ਸਹਿਨਸ਼ੀਲਤਾ, ਗੰਭੀਰਤਾ, ਸੱਤਵਾਦ ਆਦਿਕ ਦੈਵੀ ਗੁਣਾਂ ਦਾ ਮੁਜੱਸਮਾ ਹੁੰਦਾ ਹੈ। ਐਸੇ ਮਹਾਨ ਸ਼ਹੀਦ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ, ਸ਼ਹੀਦਾਂ ਦੇ ਸਿਰਤਾਜ ਹਨ, ਜਿਨ੍ਹਾਂ ਦੀ ਅਦੁੱਤੀ ਕੁਰਬਾਨੀ ਨੇ ਮਰਨ-ਜਾਚ ਤੇ ਜੀਵਨ ਜੁਗਤੀ ਦੀ ਅਮੁੱਲ ਬਖ਼ਸ਼ਸ਼ ਪਰਦਾਨ ਕਰ ਕੇ ਗੁਰਸਿੱਖ ਨੂੰ ਸੰਸਾਰ ਦੇ ਇਤਿਹਾਸ ਵਿਚ ਨਿਵੇਕਲਾ ਅਸਥਾਨ ਦਿੱਤਾ ਹੈ।

ਸ਼ਹਾਦਤ ਦੀ ਨਿਰਪੱਖ ਕਸੌਟੀ ਲਈ ਤਿੰਨ ਵਿਸ਼ੇਸ਼ ਪਹਿਲੂਆਂ ਵੱਲ ਧਿਆਨ ਦੇਣਾ ਉਚਿਤ ਹੋਵੇਗਾ -

(੧) ਸ਼ਹਾਦਤ ਦੇ ਕਾਰਨ ਤੇ ਉਦੇਸ਼।

(੨) ਆਪਾ ਵਾਰਨ ਸਮੇਂ ਮਨ ਦੀ ਅਵਸਥਾ।

(੩) ਸ਼ਹਾਦਤ ਦਾ ਪ੍ਰਭਾਵ

ਪਰਉਪਕਾਰੀ ਭਾਵਨਾਂ ਵਾਲੇ, ਬਚਨ ਦੇ ਬਲੀ ਤੇ ਕਰਨੀ ਦੇ ਪੂਰੇ ਗੁਰੂ ਅਰਜਨ ਦੇਵ ਜੀ ਦੇ ਆਤਮਕ ਜੀਵਨ ਤੇ ਰੱਬੀ ਉਪਦੇਸ਼ ਨੇ ਨਿਰਜਿੰਦ, ਕਾਇਰ, ਬੁਜ਼ਦਿਲ ਰੂਹਾਂ ਵਿਚ, ਅਣਖ ਭਰਪੂਰ ਜੀਵਨ ਜੀਣ ਦੀ ਲਾਲਸਾ ਬਖਸ਼ੀ। ਪਾਰਸਮਈ ਛੋਹ ਨੇ ਨਾ ਕੇਵਲ ਹਿੰਦੂਆਂ ਦੀ ਹੀ ਆਤਮਾ ਨੂੰ ਪੱਕੇ ਨਾਮ-ਮਜੀਠੀ ਰੰਗ ਨਾਲ ਰੰਗਿਆ, ਬਲਕਿ ਕਦਰਦਾਨ ਮੁਸਲਮਾਨਾਂ ਨੂੰ ਵੀ ਆਪਣੇ ਗਿਆਨ ਉਪਦੇਸ਼ ਦਾ ਸ਼ਰਧਾਲੂ ਬਣਾਇਆ। ਨਾਮ ਦੀ ਖ਼ੁਸ਼ਬੂ ਨੇ ਤੇ ਕਾਠ-ਕਠੂਲੇ ਹਿਰਦਿਆਂ ਵਿਚ ਚੰਦਨ ਵਤ ਮਹਿਕ ਭਰ ਦਿੱਤੀ। ਇਲਾਹੀ ਜੋਤ ਨੇ ਅੰਧਕਾਰ ਕੋਠੜੀਆਂ ਨਾਮ-ਪ੍ਰਕਾਸ਼ ਨਾਲ ਜਗਮਗਾ ਦਿੱਤੀਆਂ। ਅਲਪੱਗ ਜੀਵ ਅਸਮ੍ਰਥ ਹੈ, ਕੀ ਕਹੇ। ਗੁਰਬਾਣੀ ਆਪ ਹੀ ਪਾਵਨ ਉਦੇਸ਼ ਨੂੰ ਨਿਖਾਰ ਕੇ ਰੂਪਮਾਨ ਕਰਦੀ ਹੈ -

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥੨॥੫੪॥ ਅੰਗ - ੭੪੯***

ਰੋਗੀਆਂ ਦੇ ਰੋਗ ਦੂਰ ਕਰਨੇ, ਕੋਹੜੀਆਂ ਦੀ ਕਾਇਆਂ ਕੁੰਦਨ ਬਣਾਉਣੀ, ਸੁੱਕੀਆਂ ਧਰਤੀਆਂ ਨੂੰ ਸਿੰਚਣ ਲਈ ਖੂਹ ਲਗਾਉਣੇ, ਬਿਧੀ ਚੰਦ ਵਰਗੇ ਚੋਰਾਂ ਡਾਕੂਆਂ, ਲੁਟੇਰਿਆਂ ਦੀ ਵਿਪਰੀਤ ਬੁੱਧੀ ਦੇ ਅਉਗਣ ਮਿਟਾਉਣੇ, ਪਰਉਪਕਾਰ ਦੇ ਪਰਤੱਖ - ਪ੍ਰਗਟਾਵੇ ਸਨ। ਜਿਵੇਂ ਉੱਲੂ ਨੂੰ ਸੂਰਜ ਨਹੀਂ ਭਾਉਂਦਾ, ਸਾਕਤਾਂ ਨੂੰ ਸ਼ਬਦ ਨਹੀਂ - ਭਾਉਂਦਾ, ਗੱਧੇ ਨੂੰ ਸੁਗੰਧੀ ਨਹੀਂ ਸੁਖਾਉਂਦੀ, ਤਿਵੇਂ ਹੀ ਬਾਦਸ਼ਾਹਾਂ ਨੂੰ ਮਹਾਂ ਪੁਰਖਾਂ ਦੀ ਪ੍ਰਸਿੱਧੀ ਨਹੀਂ ਭਾਉਂਦੀ। ਤੁਅੱਸਬੀ ਜਹਾਂਗੀਰ ਦੇ ਮਨ ਵਿਚ ਈਰਖਾ, ਜਲਨ ਤੇ ਵਿਰੋਧਤਾ ਦਾ ਜਜ਼ਬਾ ਪੈਦਾ ਹੋਣਾ ਸੁਭਾਵਕ ਸੀ। ਹਕੀਕਤ ਤਾਂ ਇਹ ਹੈ ਕਿ ਕਪਟ, ਮਲ, ਧੋਖਾ, ਘਿਣਾ ਤੇ ਬੇਇਨਸਾਫ਼ੀ ਦੀ ਬੁਨਿਆਦ ਤੇ ਉਸਰੀ ਹਕੂਮਤ ਨਾ ਤਾਂ ਜਨਤਾ ਦੇ ਦਿਲ ਵਿਚ ਰਾਜ ਕਰ ਸਕਦੀ ਹੈ, ਤੇ ਨਾ ਹੀ ਹੋਰ ਕਿਸੇ ਨੂੰ ਰਾਜ ਕਰਨ ਦੇਂਦੀ ਹੈ।

ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ 'ਨਾ ਕੋ ਬੈਰੀ ਨਹੀ ਬਿਗਾਨਾ' ਸੀ। ਹਿੰਦੂ-ਮੁਸਲਮਾਨ, ਅਮੀਰ-ਗਰੀਬ, ਧਨ ਆਪਣੇ-ਬਿਗਾਨੇ, ਛੋਟੇ-ਵੱਡੇ, ਸਾਧ-ਚੋਰ ਦੇ ਵਿਤਕਰਿਆਂ ਤੋਂ ਉਹ ਬੇਲਾਗ ਸਨ। ਮੀਆਂ ਮੀਰ ਵਰਗੇ ਪਹੁੰਚੇ ਹੋਏ ਫ਼ਕੀਰ ਆਪ ਤੋਂ ਕੁਰਬਾਨ ਜਾਂਦੇ ਸਨ। ਨਿਰਮਲ-ਜੋਤਿ ਅਪਾਰੀ ਦੇ ਮੁਖੜੇ ਤੋਂ ਭਖਦੀ ਨਾਮ-ਖ਼ੁਮਾਰੀ ਦੇ ਦੀਦਾਰ

ਤੋਂ ਕੌਣ ਨਹੀਂ ਸੀ ਪ੍ਰਭਾਵਤ ਹੁੰਦਾ? ਆਪ ਜੀ ਦੇ ਅੱਖ ਦੇ ਇਸ਼ਾਰੇ ਉੱਤੇ 'ਪ੍ਰੇਮ ਖੇਲਣ ਕਾ ਚਾਉ' ਰੱਖਣ ਵਾਲੀਆਂ ਅਨੇਕਾਂ ਰੂਹਾਂ ਤੱਤਪਰ ਤਿਆਰ ਰਹਿੰਦੀਆਂ ਸਨ। ਦੂਸਰੇ ਪਾਸੇ ਜਹਾਂਗੀਰ ਦੀਆਂ ਅੱਖੀਆਂ, ਨਸ਼ੇ ਹਕੂਮਤ ਵਿਚ ਮੱਤੀਆਂ, ਲਬ ਲੋਭ ਹੰਕਾਰ ਵਿਚ ਅੰਨ੍ਹੀਆਂ, ਗੁਰੂ ਨਾਨਕ ਰੱਬੀ ਜੋਤਿ ਦੀ ਆਭਾ ਚਮਕ ਦਮਕ ਨੂੰ ਵੇਖ ਨਹੀਂ ਸਕੀਆਂ।

ਜਹਾਂਗੀਰ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਗੱਦੀ ਇਕ ਝੂਠੀ ਦੁਕਾਨ ਸੀ ਤੇ ਉਹ ਕਾਫ਼ੀ ਦੇਰ ਤੋਂ ਇਸ ਦੁਕਾਨ ਨੂੰ ਬੰਦ ਕਰਨ ਲਈ ਕਿਸੇ ਯੋਗ ਅਵਸਰ ਦੀ ਤਲਾਸ਼ ਵਿਚ ਸੀ। ਸੱਚ ਦੀ ਨੀਂਵ ਉਤੇ ਬਣਾਏ ਗੁਰਸਿੱਖੀ ਮਹਿਲ ਨੂੰ ਖ਼ਤਮ ਕਰਨਾ, ਉਸ ਬੇਚਾਰੇ ਦੀ ਕੀ ਵੱਸ ਸੀ? ਭਾਵੇਂ ਇਹ ਦੁਕਾਨ ਹੀ ਸੀ, ਤੇ ਹੁਣ ਵੀ ਉਹ ਦੁਕਾਨ ਹੈ, ਜਿਸ ਦਾ ਨਾਮ ਗੁਰਬਾਣੀ ਵਿਚ 'ਹੱਟ' ਲਿਖਿਆ ਹੈ –

*ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥*
*ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥*
*ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ॥*
*ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ॥*
*ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ॥*
*ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ॥੨॥੧੦॥*
*ਅੰਗ – ੬੪੬*

ਨਿਰਦੋਸ਼ ਦਾ ਕਤਲ ਬੇਇਨਸਾਫ਼ੀ ਤੇ ਜ਼ੁਲਮ ਦਾ ਰੂਪ ਤਾਂ ਹੋ ਸਕਦਾ ਹੈ, ਪਰ ਉੱਚੇ ਦਰਜੇ ਦੀ ਕੁਰਬਾਨੀ ਨਹੀਂ। ਗੁਰੂ ਅਰਜਨ ਸਾਹਿਬ : ਭਲੀ ਭਾਂਤ ਜਾਣਦੇ ਸਨ ਕਿ ਨਿਤਾਣੀ ਹਿੰਦੂ ਪਰਜਾ ਨੂੰ ਨਿਰਭਉ ਅਕਾਲ ਪੁਰਖ ਨਾਲ ਜੋੜ ਕੇ ਨਿਰਭਉ ਬਣਾਉਣਾ, ਅਤਿਆਚਾਰ ਦੀ ਭਾਵਨਾ ਦਾ ਅਹਿਸਾਸ ਕਰਾਉਣਾ, ਫੋਕਟ ਧਰਮ ਤੋਂ ਕਰਮ ਨੂੰ ਉਚਿਆਉਣਾ, ਗਰੀਬ ਕਿਰਤੀਆਂ ਦੀਆਂ ਉਲਝਣਾਂ ਨੂੰ ਸੁਲਝਾਉਣਾ, 'ਨਾ ਡਰਨਾ ਨਾ ਡਰਾਉਣਾ' ਦਾ ਉਪਦੇਸ਼ ਦੇਣਾ, ਭਵਸਾਗਰ ਨੂੰ ਪਾਰ ਕਰਨ ਲਈ ਗੁਰੂ ਗ੍ਰੰਥ ਸਾਹਿਬ ਬੋਹਿਥਾ ਤਿਆਰ ਕਰਨਾ ਜਹਾਂਗੀਰ ਨੂੰ ਸੱਪ ਵਾਂਗ ਡੱਸਦਾ ਹੈ, ਪਰ ਆਪ ਇਸ ਦੇ ਪ੍ਰਤੀਕਰਮ ਤੋਂ ਬੇਪਰਵਾਹ, ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਪੂਰਾ ਕਰਨ ਦੇ ਰਸਤੇ ਤੋਂ ਬਿਲਕੁਲ ਨਹੀਂ ਡਗਮਗਾਏ। ਆਪ ਜੀ ਨੇ ਭਗਤ ਕਬੀਰ ਜੀ ਦੇ ਬਚਨ –

*ਕਹੁ ਕਬੀਰ ਸੁਖਿ ਸਹਜਿ ਸਮਾਵਉ॥*
*ਆਪਿ ਨ ਡਰਉ ਨ ਅਵਰ ਡਰਾਵਉ॥੩॥੧੭॥*
*ਅੰਗ – ੩੨੭*

ਨੂੰ ਅਮਲੀ ਰੂਪ ਦੇ ਕੇ ਗੁਰਸਿੱਖਾਂ ਦੇ ਹਿਰਦੇ ਵਿਚ ਨਿਰਭੈਤਾ, ਦਲੇਰੀ, ਪੁਰਜਾ ਪੁਰਜਾ ਕੱਟ ਹੋਣ ਦੀ ਸਪਿਰਟ, ਦੀਨ ਦੁਖੀਆਂ ਦੀ ਖ਼ਾਤਰ ਸਿਰ ਤਲੀ ਤੇ ਰੱਖ ਕੇ ਪ੍ਰੇਮ ਨਿਭਾਉਣ ਦਾ ਜਜ਼ਬਾ ਕੁੱਟ ਕੁੱਟ ਕੇ ਭਰ ਦਿੱਤਾ।

ਗੁਰੂ ਅਰਜਨ ਦੇਵ ਜੀ ਦੀ ਰਹਿਮਤ ਦੀ ਅੰਮ੍ਰਿਤ ਵਰਖਾ ਹੁੰਦੀ ਸੁਣ ਸੁਣ ਕੇ ਅਭਿੱਜ ਪੱਥਰ-ਦਿਲ ਜਹਾਂਗੀਰ ਸੜ ਬਲ ਕੇ ਮਨੂਰ ਹੋ ਰਿਹਾ ਸੀ। ਖੁਸਰੋ ਨੂੰ ਰਾਜਨੀਤਕ ਪਨਾਹ ਤੇ ਅਸ਼ੀਰਵਾਦ ਦੇਣ ਦਾ ਨਿਰਮੂਲ ਦੋਸ਼ ਲਾ ਕੇ, ਮੁਜਰਮ ਦੀ ਹੈਸੀਅਤ ਵਿਚ ਲਾਹੌਰ ਵਿਚ ਸੱਦਣ ਦਾ ਹੁਕਮ ਸੁਣਾ ਦਿੱਤਾ। ਪੰਡਤਾਂ ਮੌਲਵੀਆਂ, ਗੁਰੂ ਘਰ ਦੇ ਧਨੀਆਂ, ਪ੍ਰਿਥੀਏ, ਰੱਦ, ਕਾਨੇ ਨੂੰ ਜਹਾਂਗੀਰ ਦੇ ਕੱਚੇ ਕੰਨ ਭਰ ਕੇ ਬਲਦੀ ਉੱਤੇ ਤੇਲ ਪਾਇਆ। ਹਜੂਰ ਨੇ ਗੁਰ-ਸਿੱਖਾਂ ਨੂੰ ਜੁਰਮਾਨਾ ਭਰਨ ਤੋਂ ਮਨ੍ਹਾ ਕੀਤਾ ਤੇ ਭਾਣਾ ਮਿੱਠਾ ਮੰਨਣ ਦਾ ਉਪਦੇਸ਼ ਦਿੱਤਾ। ਹਜ਼ੂਰ ਨੇ ਸਾਹਿਬਜ਼ਾਦਾ ਹਰਿ ਗੋਬਿੰਦ ਨੂੰ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਦਾ ਹੁਕਮ ਦੇ ਕੇ ਸ਼ਹਾਦਤ ਦਾ ਜਾਮ ਪੀਣ ਲਈ ਲਾਹੌਰ ਵਲ ਚਾਲੇ ਪਾ ਦਿੱਤੇ।

ਕੁਰਬਾਨੀ ਤੋਂ ਉਤਸ਼ਾਹ ਤੇ ਚਾਉ, ਉਗਮਦਾ ਹੈ। ਪ੍ਰੇਰਨਾ ਹੀਨ ਕੁਰਬਾਨੀ ਅਰਥਹੀਨ ਹੋ ਕੇ ਰਹਿ ਜਾਂਦੀ ਹੈ। ਦੇਖਣ ਵਿਚ ਆਉਂਦਾ ਹੈ ਕਿ ਸਧਾਰਨ ਪੁਰਖ ਦੀ ਸ਼ਹਾਦਤ ਕੋਈ ਖ਼ਾਸ ਰੰਗ ਨਹੀਂ ਲਿਆਉਂਦੀ, ਸਮਾਂ ਪਾ ਕੇ ਯਾਦ ਵੀ ਬੁੱਝ ਜਾਂਦੀ ਹੈ। ਇਸ ਦੇ ਵਿਪਰੀਤ ਮਹਾਨ ਸੂਰਮੇ ਤਪੱਸਵੀ ਪੁਰਖ ਦੇ ਖ਼ੂਨ ਦਾ ਇਕ ਕਤਰਾ ਵੀ ਸ਼ਹੀਦਾਂ ਦੀ ਫੌਜ ਖੜੀ ਕਰ ਦੇਂਦਾ ਹੈ।

ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਨੇ ਗੁਰਸਿੱਖੀ ਦੀ ਰੂਪ-ਰੇਖਾ ਵਿਚ ਬੇਪਨਾਹ ਇਨਕਲਾਬ ਲੈ ਆਂਦਾ। ਛੇਵੇਂ ਪਾਤਸ਼ਾਹ ਨੇ ਭਗਤੀ ਤੇ ਸ਼ਕਤੀ ਦਾ ਸੁੰਦਰ ਸੁਮੇਲ ਕਰ ਕੇ, ਹਰਿ ਨਾਮ ਖ਼ੁਸ਼ਬੂ ਵਾਲਾ, ਕੰਡਿਆਲਾ ਗੁਲਾਬ ਦਾ ਫੁੱਲ, ਸੰਤ-ਸਿਪਾਹੀ ਬਣਾ ਕੇ ਪਾਪਾਂ ਦੀਆਂ ਝੱਖੜ-ਹਨੇਰੀਆਂ ਨਾਲ ਜੂਝਣ ਦਾ ਬੀੜਾ ਚੁੱਕ ਲਿਆ। ਜੇ ਨਿਰਦੋਸ਼ ਨੂੰ ਮਾਰਨਾ ਪਾਪ ਹੈ ਤਾਂ ਬਿਨ ਮੌਤ ਮਰੀ ਜਾਣਾ ਕਿਹੜਾ ਪੁੰਨ ਹੈ? ਜੇ ਪਾਪੀ ਆਪਣੀ ਕਰਤੂਤ ਤੋਂ ਬਾਜ਼ ਨਹੀਂ ਆਉਂਦਾ ਤਾਂ ਲੇਲੇ ਵਾਂਗ ਡਰੀ ਜਾਣਾ ਆਤਮ ਘਾਤ ਨਹੀਂ ਹੈ ਤਾਂ ਕੀ ਹੈ? ਜੇ ਜ਼ਾਲਮ ਦਾ ਕਠੋਰ ਹਿਰਦਾ ਪਸੀਜਦਾ ਨਹੀਂ ਤਾਂ ਸ਼ਾਂਤੀ ਸ਼ਾਂਤੀ ਕਰੀ ਜਾਣਾ ਵਿਅਰਥ ਹੈ। ਜਾਬਰ ਦਾ ਜ਼ੁਲਮ ਤਸ਼ੱਦਦ ਰੱਬ ਦੀ ਰਜਾ ਸਮਝ ਕੇ ਸਹਾਰਨਾ ਕਾਇਰਤਾ

ਹੈ। ਇਹੋ ਜਹੇ ਭੈ-ਰਹਿਤ ਉਪਦੇਸ਼ ਦੁਆਰਾ ਗੁਰਸਿੱਖ ਨੂੰ ਮੌਤ ਨਾਲ ਟਿਚਕਰਾਂ ਕਰਨ ਵਾਲਾ ਜੋਧਾ ਬਣਾ ਦਿੱਤਾ, ਜਿਸ ਦੀ ਪੂਰਨ ਖਾਲਸਈ ਨੁਹਾਰ ਗੁਰੂ ਗੋਬਿੰਦ ਸਿੰਘ ਜੀ ਨੇ ਬਖ਼ਸ਼ੀ। ਜਿਸ ਕਾਰਣ ਗੁਰੂ ਸਾਹਿਬਾਨ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਪ੍ਰੇਰਨਾ ਲੈ ਕੇ, ਖਾਲਸੇ ਨੇ ਮੁਗਲ ਸਲਤਨਤ ਨਾਲ ਲਗਾਤਾਰ ਸੰਘਰਸ਼ ਕਰ ਕੇ ਖਾਲਸਈ ਰਾਜ ਦੇ ਝੰਡੇ ਝੁਲਾਏ, ਸਾਰੇ ਸੰਸਾਰ ਲਈ ਇਹ ਇਕ ਮੁਅਜਜ਼ਾ ਭਰੀ ਘਟਨਾ ਤੋਂ ਘੱਟ ਨਹੀਂ ਹੈ।

ਉਬਲਦੇ ਪਾਣੀ ਤੋਂ ਝੁਲਸਾਂਦੀ ਰੇਤਾ ਦੁਆਰਾ ਪਿਆਰ ਦੀ ਮੂਰਤਿ ਤੇ ਰੂਹਾਨੀ ਸੂਰਤ ਤੇ ਅੱਤ ਦੇ ਕਹਿਰ ਕਮਾਏ ਗਏ, ਦਿਲ ਕੰਬਾਊ ਅਤਿਆਚਾਰ ਕੀਤੇ ਗਏ, ਬੇਅੰਤ ਤਸੀਹੇ ਦਿੱਤੇ ਗਏ, ਪਰ ਗੁਰੂ ਅਰਜਨ ਦੇਵ ਜੀ ਦੀ ਚੜ੍ਹਦੀ ਕਲਾ, ਗੰਭੀਰਤਾ ਤੇ ਸਹਿਨਸ਼ੀਲਤਾ ਦੀ ਭਾਵਨਾ ਵਿਚ ਕੋਈ ਫ਼ਰਕ ਨਾ ਪਿਆ। ਜਹਾਂਗੀਰ ਦੇ ਗੁੱਸੇ ਦੇ ਭਖਦੇ ਚੰਗਿਆੜੇ, ਅਤੇ ਚੁਗਲੀ ਦੇ ਸਾੜੇ ਕੁਦਰਤ ਦੀ ਗਰਮੀ ਨਾਲ ਸਮਝੌਤਾ ਕਰ ਕੇ ਵੀ 'ਖੁਨਕ ਨਾਮੁ ਖੁਦਾਇਆ ' ਤੇ ਭਾਰੂ ਨਹੀਂ ਹੋ ਸਕੇ। ਜਾਬਰ ਤੇ ਬਾਬਰ ਦੀ, ਜ਼ੁਲਮ ਤੇ ਇਨਸਾਫ਼ ਦੀ, ਹਿੰਸਾ ਤੇ ਅਹਿੰਸਾ ਦੀ ਝੂਠ ਤੋਂ ਸੱਚ ਦੀ, ਤਪਸ਼ ਤੋਂ ਠੰਢ ਦੀ, ਰਾਜਸੀ ਨਸ਼ੇ ਤੇ ਨਾਮ ਖੁਮਾਰੀ ਦੀ ਜੰਗ ਵਿਚ ਅੰਤ ਨੂੰ ਦੁਨਿਆਵੀਂ ਬਾਦਸ਼ਾਹ ਦੀ ਹਾਰ ਤੇ ਸੱਚੇ ਪਾਤਸ਼ਾਹ ਦੀ ਜਿੱਤ ਹੋਈ। ਹਜ਼ੂਰ ਨੇ ਸਰੀਰਕ ਕਸ਼ਟ ਕਿਵੇਂ ਝੱਲੇ, ਮਾਨਸਕ ਅਵਸਥਾ ਨੂੰ ਕਿਵੇਂ ਸੰਤੁਲਤ ਰੱਖਿਆ, ਆਤਮਕ ਬਲ ਨਾਲ ਕਿਵੇਂ ਦ੍ਰਿੜਤਾ ਕਾਇਮ ਰੱਖੀ, ਜਿਸ ਦੀ ਸ਼ਾਹਦੀ ਆਪ ਜੀ ਦੇ ਮੁਖਾਰਬਿੰਦ ਤੋਂ ਉਚਰੀ ਬਾਣੀ ਨੇ ਕੀਤੀ ਹੈ।

ਆਪ ਨੇ ਸੁਖਮਨੀ ਸਾਹਿਬ ਵਿਚ ਕਥੇ ਬ੍ਰਹਮ ਗਿਆਨੀ ਦੇ ਦੈਵੀ ਗੁਣਾਂ ਦਾ ਪ੍ਰਗਟਾਵਾ ਤੱਤੀ ਤਵੀ ਤੇ ਬੈਠ ਕੇ ਕੀਤਾ। ਕੰਵਲ ਦੇ ਫੁੱਲ ਵਾਂਗ ਅਤਿਆਚਾਰ ਦੇ ਤੂਫਾਨਾਂ ਵਿਚ ਅਡੋਲ ਰਹਿ ਕੇ ਮੁਸਕਾਉਂਦੇ ਰਹੇ ਤੇ ਅਕਾਲ ਪੁਰਖ ਦਾ ਸ਼ੁਕਰ ਮਨਾਉਂਦੇ ਰਹੇ -

*ਬ੍ਰਹਮ ਗਿਆਨੀ ਸਦਾ ਨਿਰਲੇਪ॥*
*ਜੈਸੇ ਜਲ ਮਹਿ ਕਮਲ ਅਲੇਪ॥੧॥ ਅੰਗ - ੨੭੨*

ਇਸ ਅਵਸਥਾ ਦਾ ਆਧਾਰ ਪਿਆਰੇ ਨਾਲ ਨੇਹੁ ਹੈ। ਝੂਠੇ ਪਿਆਰ ਵਿਚ ਕਬਜ਼ੇ ਦੀ ਭਾਵਨਾ, ਤੇ ਸੱਚੇ ਪਿਆਰ ਵਿਚ ਕੁਰਬਾਨੀ ਦਾ ਚਾਉ ਹੁੰਦਾ ਹੈ। ਆਤਮ-ਸਮਰਪਨ ਕਰਨਾ, ਪਿਆਰੇ ਦੇ ਦਿੱਤੇ ਦੁੱਖ ਨੂੰ ਸੁਖ ਸਮਝਣਾ, ਭਾਣੇ ਨੂੰ ਮਿੱਠਾ ਕਰ ਕੇ ਮੰਨਣਾ, ਰਜ਼ਾ ਵਿਚ ਰਾਜ਼ੀ ਰਹਿਣਾ, ਹੁਕਮ ਨੂੰ ਖਿੜੇ ਮੱਥੇ ਮੰਨਣਾ ਕੇਵਲ ਬ੍ਰਹਮ ਗਿਆਨੀ ਨੂੰ ਹੀ ਸ਼ੋਭਾ ਦਿੰਦਾ ਹੈ।

*ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ॥*
*ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ॥੫॥*
*ਅੰਗ - ੨੭੬*

ਵਾਹਿਗੁਰੂ ਆਪ ਅਨੰਦ-ਸਰੂਪ ਹੈ ਤੇ ਉਸ ਦੇ ਸੇਵਕ ਸਦਾ ਖੇੜੇ ਵਿਚ ਰਹਿੰਦੇ ਹਨ। ਸਰਬ-ਕਲਾ ਸਮਰੱਥ ਦੀ ਓਟ ਤੋਂ ਚੜ੍ਹਦੀ ਕਲਾ ਦੀ ਦਾਤ ਪ੍ਰਾਪਤ ਹੁੰਦੀ ਹੈ -

*ਨਾ ਓਸ ਦੂਖੁ ਨ ਹਮ ਕਉ ਦੂਖੇ॥੧॥*
*ਅੰਗ - ੩੯੧/੧*

ਵਾਲੀ ਪੰਗਤੀ ਬਲਵਾਨ ਆਤਮਾ ਦੀ ਦੇਣ ਹੈ। ਭਾਣਾ ਮੰਨਣ ਤੋਂ ਅਗੰਮੀ ਖ਼ੁਸ਼ੀ ਤੇ ਸਦੀਵੀ ਸੁੱਖ ਮਿਲਦਾ ਹੈ।

ਪਾਵਨ ਹੁਕਮ ਹੈ -

*ਗੁਰਮੁਖਿ ਹੋਵੈ ਸੁ ਪੂਜਾ ਜਾਣੈ ਭਾਣਾ ਮਨਿ ਵਸਾਈ॥੧੧॥*
*ਭਾਣੇ ਤੇ ਸਭਿ ਸੁਖ ਪਾਵੈ ਸੰਤਹੁ ਅੰਤੇ ਨਾਮੁ ਸਖਾਈ॥੧੨॥ ਅੰਗ - ੯੧੦*

ਮੀਆਂ ਮੀਰ ਦੇ ਕੋਮਲ ਜਜ਼ਬਾਤ, ਹੀਲੇ ਉਪਰਾਲੇ, ਨਿਸਫਲ ਗਏ। ਉਸ ਨੇ ਬ੍ਰਹਮ ਗਿਆਨੀ ਦਾ ਅਰਥ ਸਮਝਿਆ ਸੁਣਿਆ ਹੋਵੇਗਾ, ਪਰ ਆਪਣੀਆਂ ਅੱਖਾਂ ਨਾਲ ਸ਼ਾਇਦ ਅੱਜ ਹੀ ਡਿੱਠਾ। ਹਜ਼ੂਰ ਦੀ ਅਥਾਹ ਸਹਿਣ-ਸ਼ਕਤੀ ਤੇ ਉਮਾਹ ਭਰੇ ਬਚਨਾਂ ਨੂੰ ਸਾਂਈ ਮੀਆਂ ਮੀਰ ਦੀ ਆਤਮਾ ਨੂੰ ਹਲੂਣ ਕੇ ਰੱਖ ਦਿੱਤਾ।

*ਸਹਣ ਸੀਲ ਸੰਤੰ ਸਮ ਮਿਤ੍ਰਸ੍ਯ, ਦੁਰਜਨਹ॥੨੭॥*
*ਅੰਗ - ੧੩੫੬*

ਸਪੱਸ਼ਟ ਕਰਦਿਆਂ ਹਜ਼ੂਰ ਨੇ ਉਚਾਰਿਆ ਕਿ ਔਕੜ ਵੇਲੇ ਜਾਂ ਦੁਰਜਨਾਂ ਦੀ ਸੰਗਤ ਵਿਚ ਸਹਿਣ-ਸ਼ਕਤੀ ਦੀ ਪਰਖ ਹੁੰਦੀ ਹੈ। ਚੰਦਨ ਦਾ ਬੂਟਾ ਆਪਣੀ ਸੀਤਲਤਾ ਨੂੰ ਨਹੀਂ ਤਿਆਗਦਾ, ਭਾਵੇਂ ਅਨੇਕ ਸੱਪਾਂ ਦੀ ਲਪੇਟ ਵਿਚ ਆਇਆ ਹੋਵੇ। ਪਾਵਨ ਹੁਕਮ ਹੈ -

*ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ॥*
*ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ॥੧੭੪॥ ਅੰਗ - ੧੩੭੩*

ਆਪ ਸਮਦ੍ਰਿਸ਼ਟੀ ਦੇ ਸਰੂਪ, ਸ਼ਾਂਤੀ ਦੇ ਪੁੰਜ, ਪਰਬਤ ਵਾਂਗ ਅਡੋਲ, ਸਾਗਰ ਸਮ ਗੰਭੀਰ ਤੇ ਧਰਤੀ ਵਾਂਗ

ਧੀਰਜਵਾਨ ਸਨ। ਪੰਜਾਂ ਤੱਤਾਂ ਦੇ ਗੁਣਾਂ ਵਿਚੋਂ ਧਰਤੀ ਦਾ ਗੁਣ, ਹਜ਼ੂਰ ਦੇ ਧੀਰਜ ਨੂੰ ਇਉਂ ਰੂਪਮਾਨ ਕਰਦਾ ਹੈ -

*ਬ੍ਰਹਮ ਗਿਆਨੀ ਕੈ ਧੀਰਜੁ ਏਕ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥੧॥੮॥*
*ਸੁਖਮਨੀ, ਅੰਗ - ੨੭੨*

ਦੂਸਰੇ ਸ਼ਬਦਾਂ ਵਿਚ ਹਜ਼ੂਰ ਨੂੰ ਨਿਵਾਰੀ ਪਲੰਘ ਤੇ ਲੋਹ ਦੀ ਸੇਵਾ ਇਕ-ਸਮਾਨ ਪ੍ਰਤੀਤ ਹੁੰਦੇ ਸਨ। ਹਜ਼ੂਰ ਦਾ ਆਤਮ-ਤਿਆਗ, ਪਰਮਾਤਮਾ ਉੱਪਰ ਭਰੋਸਾ ਤੇ ਵਿਸ਼ਵਾਸ ਸਿਖਰ ਦਾ ਸੀ। ਆਪਣਾ ਵਿਚਾਰ, ਆਪਣਾ ਫ਼ੈਸਲਾ, ਦੁਖ ਸੁੱਖ ਦੀ ਭਾਵਨਾ ਸਭ ਕਿਛੁ ਹਵਾਲੇ ਕਰ ਦਿੱਤਾ। ਸੁਲ੍ਹੀ ਦੇ ਹਮਲੇ ਵੇਲੇ, ਜਹਾਂਗੀਰ ਦੇ ਬੁਲਾਵੇ ਤੇ, ਚੰਦੂ ਦੀ ਧਮਕੀ ਤੋਂ, ਤੱਤੀ ਰੇਤਾ ਦੀ ਬਾਰਸ਼ ਥੱਲੇ ਆਪ ਨੂੰ ਕੋਈ ਸ਼ਿਕਾਇਤ ਨਹੀਂ, ਗਿਲਾ ਨਹੀਂ, ਗੁੱਸਾ ਨਹੀਂ, ਰੋਸ ਨਹੀਂ, ਨਿਹੋਰਾ ਨਹੀਂ, ਉਲਾਂਭਾ ਨਹੀਂ। ਗੁਰਬਾਣੀ ਇਸ ਨੂੰ ਨਿਖਾਰ ਕੇ ਇਉਂ ਪੇਸ਼ ਕਰਦੀ ਹੈ -

*ਉਲਾਹਨੋ ਮੈ ਕਾਹੂ ਨ ਦੀਓ॥*
*ਮਨ ਮੀਠ ਤੁਹਾਰੋ ਕੀਓ॥੧॥ਰਹਾਉ॥*
*ਆਗਿਆ ਮਾਨਿ ਜਾਨਿ ਸੁਖੁ ਪਾਇਆ,*
*ਸੁਨਿ ਸੁਨਿ ਨਾਮੁ ਤੁਹਾਰੋ ਜੀਓ॥੧॥੧॥੨॥*
*ਨਟ ਨਾਰਾਇਨ ਮ: ੫, ਪੰਨਾ ੯੭੮*

ਸਗੋਂ ਦਰੱਖਤ ਦੀ ਪਰਉਪਕਾਰੀ ਭਾਵਨਾ ਰੱਖਦੇ ਹੋਏ ਹਰਿ ਨਾਮ ਦੀ ਠੰਢੀ ਛਾਂ ਦੁਆਰਾ ਜਗਤ-ਜਲੰਦੇ ਨੂੰ ਠਾਰਨ ਦਾ ਬਿਰਦ ਪਛਾਣਦੇ ਰਹੇ। ਆਪ ਨੇ ਨੁਕਤਾਚੀਨੀ ਨਹੀਂ ਕੀਤੀ, ਕਿਸੇ ਦਾ ਕਸੂਰ ਨਹੀਂ ਛਾਂਟਿਆ, ਬਲਕਿ ਹਰੇਕ ਕੜਵੇ ਤੱਤ ਨੂੰ ਅਕਾਲ ਪੁਰਖ ਦਾ ਇਲਾਹੀ ਹੁਕਮ ਸਮਝ ਕੇ ਸਿਰ ਨਿਵਾਇਆ -

*ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ॥*
*ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ॥੧॥*
*ਅੰਗ - ੧੦੧੭*

ਆਪ ਤਾਂ ਜਹਾਂਗੀਰ ਨੂੰ ਵੀ ਦੋਸ਼ੀ ਨਹੀਂ ਕਹਿੰਦੇ। ਉਨ੍ਹਾਂ ਦੇ ਪਾਵਨ ਬਚਨਾਂ ਅਨੁਸਾਰ ਪਰਮਾਤਮਾ ਹੀ ਜੀਵਨ ਦਾ ਮੂਲ ਹੈ, ਉਸ ਬਿਨਾਂ ਹੋਰ ਕੋਈ ਮਾਰਨ ਵਾਲਾ ਨਹੀਂ ਹੈ। ਡਰ, ਭੈ, ਦੁਖਾਂ-ਕਲੇਸ਼ਾਂ, ਭੁੱਖਾਂ, ਬੰਧਨਾ, ਧੰਦਿਆਂ ਤੇ ਭਰਮਾਂ ਤੋਂ ਛੁਟਕਾਰਾ ਕੇਵਲ ਪਰਮਾਤਮਾ ਦੀ ਬਖ਼ਸ਼ਸ਼ ਤੇ ਰਹਿਮਤ ਵਿਚ ਹੈ। ਪਾਵਨ ਹੁਕਮ ਹੈ -

*ਨਾ ਓਹੁ ਮਰਤਾ ਨਾ ਹਮ ਡਰਿਆ॥*
*ਨਾ ਓਹੁ ਬਿਨਸੈ ਨਾ ਹਮ ਕੜਿਆ॥*
*ਨ ਓਹੁ ਨਿਰਧਨੁ ਨਾ ਹਮ ਭੂਖੇ॥*
*ਨ ਓਸੁ ਦੂਖੁ ਨ ਹਮ ਕਉ ਦੂਖੇ॥੧॥*
*ਅਵਰੁ ਨ ਕੋਊ ਮਾਰਨਵਾਰਾ॥*
*ਜੀਅਉ ਹਮਾਰਾ ਜੀਉ ਦੇਨਹਾਰਾ॥ ਅੰਗ - ੩੯੧*

'ਜਲ ਦੁਧ ਨਿਆਈ ਰੀਤਿ' ਨਿਭਾਉਂਦਿਆਂ ਆਪ ਨੇ ਸੰਸਾਰ ਦੀ ਤਪਸ਼ ਨੂੰ ਠਾਰਨ ਲਈ, ਅਗਨੀ ਦਾ ਸੇਕ ਆਪਣੇ ਉੱਪਰ ਲੈ ਲਿਆ।

ਏਡੇ ਵੱਡੇ ਸਾਕੇ ਦੌਰਾਨ ਮਹਾਨ ਸ਼ਹੀਦ ਦੀ ਸਰੀਰਕ ਸ਼ਕਤੀ, ਮਾਨਸਕ ਅਵਸਥਾ ਤੇ ਆਤਮਕ ਬੁਲੰਦੀ ਦੀ ਜੇ ਝਲਕ ਤੱਕਣੀ ਹੋਵੇ ਤਾਂ ਹੇਠ ਲਿਖੀਆਂ ਪੰਗਤੀਆਂ ਇਹ ਦ੍ਰਿਸ਼ ਪੇਸ਼ ਕਰਦੀਆਂ ਹਨ -

*ਗੁਰਮੁਖਿ ਅੰਤਰਿ ਸਹਜੁ ਹੈ, ਮਨੁ ਚੜਿਆ ਦਸਵੈ ਆਕਾਸਿ॥*
*ਤਿਥੈ ਊਂਘ ਨ ਭੁਖ ਹੈ, ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ, ਜਿਥੈ ਆਤਮ ਰਾਮ ਪ੍ਰਗਾਸੁ॥੧੯॥ ਅੰਗ - ੧੪੧੪*

ਭਾਈ ਗੁਰਦਾਸ ਜੀ ਦੇ ਬਚਨਾਂ ਅਨੁਸਾਰ, ਆਪ ਦੇ ਪਿਆਰ ਦੀ ਤੀਬਰਤਾ ਮੱਛੀ ਵਾਂਗ ਸੀ, ਸਬਦੁ ਸੁਰਤਿ ਲਿਵ ਹਿਰਨ ਵਾਂਗ ਤੇ ਅਕਾਲ ਪੁਰਖ ਦੇ ਚਰਨਾਂ ਵਿਚ ਸੁਰਤੀ ਭਰੇ ਵਾਂਗ ਸੀ। ਹਜ਼ੂਰ ਦੀ ਅੰਤਮ ਰਾਤ ਦੇ ਅਨੁਭਵ ਨੂੰ ਭਾਈ ਸਾਹਿਬ ਜੀ ਨੇ ਬਖਾਨਿਆ ਹੈ -

*ਸਬਦੁ ਸੁਰਤਿ ਲਿਵ ਮਿਰਗ ਜਿਉ,*
*ਭੀੜ ਪਈ ਚਿਤਿ ਅਵਰੁ ਨ ਆਣੀ॥*
*ਚਰਣ ਕਵਲ ਮਿਲਿ ਭਵਰ ਜਿਉ*
*ਸੁਖ ਸੰਪਟ ਵਿਚਿ ਰੈਣਿ ਵਿਹਾਣੀ॥੨੩॥*
*ਭਾਈ ਗੁਰਦਾਸ ਜੀ, ਵਾਰ ੨੪*

ਇਉਂ ਗੁਰੂ ਅਰਜਨ ਦੇਵ ਜੀ ਮਹਾਰਾਜ, ਪਰਉਪਕਾਰੀ ਉਦੇਸ਼ ਦੀ ਪੂਰਤੀ ਕਰਦੇ ਹੋਏ, ਸ਼ਹਾਦਤ ਦੀ ਜਾਗ ਲਾ ਕੇ ਅਕਾਲ ਪੁਰਖ ਨਾਲ ਇੰਜ ਅਭੇਦ ਹੋ ਗਏ ਜਿਉਂ ਪਾਣੀ ਵਿਚ ਪਾਣੀ, ਪੌਣ ਵਿਚ ਪੌਣ ਤੇ ਸੂਰਜ ਵਿਚ ਕਿਰਣ ਮਿਲ ਕੇ ਇੱਕ ਮਿੱਕ ਹੁੰਦੀ ਹੈ -

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥੪॥੨॥*
*ਅੰਗ - ੮੪੬*

# ਮਹਾਨ ਸ਼ਹੀਦੀ ਸਮੇਂ ਅਡੋਲਤਾ ਦਾ ਆਧਾਰ

*[ਭਾਈ ਨਰੈਣ ਸਿੰਘ ਜੀ]*

ਕਿਸੇ ਮਹਾਨ ਆਤਮਾ ਦਾ ਸਹੀ ਸਰੂਪ ਉਸ ਦੀ ਰਚਨਾ ਵਿਚੋਂ ਹੀ ਲੱਭਿਆ ਕਰਦਾ ਹੈ। ਸਾਡੇ ਪਾਸ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਪਾਵਨ ਬਾਣੀ ਦੇ ਰੂਪ ਵਿਚ ਮੌਜੂਦ ਹੈ, ਜਿਸ ਵਿਚ ਅਸੀਂ ਉਨ੍ਹਾਂ ਦਾ ਸਹੀ ਸਰੂਪ ਵੇਖ ਸਕਦੇ ਹਾਂ ਅਤੇ ਉਨ੍ਹਾਂ ਦੀ ਬਲਵਾਨ ਆਤਮਾ ਦਾ ਝਲਕਾਰਾ ਲੈ ਸਕਦੇ ਹਾਂ। ਜਿਤਨੀ ਜ਼ਿਆਦਾ ਇਸ ਦੀ ਡੂੰਘਾਈ ਵਿਚ ਜਾਵਾਂਗੇ, ਉਤਨੀ ਸਪੱਸ਼ਟਤਾ ਉਸ ਝਲਕ ਅੰਦਰ ਦਿਸੇਗੀ। ਇਸ ਨੂੰ ਗੁਰੂ ਸਾਹਿਬ ਦੀ ਸ਼ਹੀਦੀ ਦਾ ਧਾਰਮਿਕ ਵਿਸ਼ਲੇਸ਼ਣ ਕਿਹਾ ਜਾਏ ਜਾਂ ਕੁਝ ਹੋਰ, ਇਹ ਇਕ ਨਿਮਾਣਾ ਜਿਹਾ ਜਤਨ ਹੀ ਹੈ। ਇਸ ਬਾਰੇ ਵਧੇਰੇ ਸੋਝੀ ਤਾਂ ਕੋਈ ਗੁਰੂ ਦਰੋਂ ਵਰੋਸਾਏ ਹੋਏ ਐਸੇ ਗੁਰਮੁਖ ਹੀ ਦੇ ਸਕਣਗੇ ਜਿਨ੍ਹਾਂ ਸਤਿਗੁਰੂ ਜੀ ਦੀ ਬਾਣੀ ਦੇ ਅੰਮ੍ਰਿਤ-ਉਪਦੇਸ਼ਾਂ ਨੂੰ ਨਿਰਾ ਜਾਣਿਆ ਹੀ ਨਹੀਂ, ਬਲਕਿ ਮਾਣਿਆ ਭੀ ਹੈ, ਕਿਉਂਕਿ ਇਸ ਅਨੁਭਵੀ ਬਾਣੀ ਦਾ ਅੰਮ੍ਰਿਤ-ਰਸ ਤੇ ਇਸ ਦੀ ਸਾਂਝੇ ਅਨੁਭਵ ਅੰਦਰ ਹੀ ਸੰਭਵ ਹੈ।

ਇਸ ਪ੍ਰਥਾਇ ਗੁਰਬਾਣੀ ਅੰਦਰ ਦ੍ਰਿੜਾਈ ਇਕ ਅਸੂਲੀ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਸੰਸਾਰ ਅੰਦਰ ਆਏ ਹਰੇਕ ਪ੍ਰਾਣੀ ਦੀ ਹੋਂਦ 'ਆਤਮਾ' ਅਤੇ 'ਸਰੀਰ' ਦੋਹਾਂ ਦੇ ਸੰਜੋਗ ਤੋਂ ਹੈ। ਆਤਮਾ ਸੂਰਜ ਦੀ ਕਿਰਨ ਵਾਂਗ ਪਰਮਾਤਮਾ ਦੀ ਇਕ ਨੰਨੀ ਜਿਹੀ ਅੰਸ਼ ਹੈ ਅਤੇ ਸਰੀਰ (ਹਵਾ-ਪਾਣੀ-ਅਗਨੀ-ਧਰਤ ਤੇ ਅਕਾਸ਼) ਪੰਜਾਂ ਤੱਤਾਂ ਦੇ ਜੁਗਤ ਭਰਪੂਰ ਮੇਲ ਤੋਂ ਬਣਿਆ ਹੈ। ਕਿਸੇ ਪੂਰਬਲੇ ਸੰਜੋਗ 'ਤੇ ਕਿਰਤ ਕਾਰਨ ਜਦ ਇਹ ਇਕੱਠੇ ਹੋਏ ਤਾਂ ਪ੍ਰਾਣੀ ਹੋਂਦ ਵਿਚ ਆਇਆ -

*ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ॥੪॥*
*ਅੰਗ - ੧੩੯*

ਕਿਉਂਕਿ ਜੀਵ ਦੀ ਪੈਦਾਇਸ਼ ਦਾ ਕਾਰਨ ਇਨ੍ਹਾਂ ਦਾ ਮੇਲ ਹੀ ਹੈ, ਇਸ ਲਈ ਇਨ੍ਹਾਂ ਦਾ ਆਪਸੀ ਸੰਬੰਧ ਬਹੁਤ ਗੂੜ੍ਹਾ ਹੈ। ਪਰਮਾਤਮਾ ਦੀ ਅੰਸ਼ ਹੋਣ ਕਰਕੇ ਆਤਮਾ ਸਦ ਜੀਵੀ ਹੈ, ਪਰ ਸਰੀਰ ਮਿੱਟੀ ਦਾ ਪੁਤਲਾ ਹੈ, ਨਾਸ਼ਵਾਨ ਹੈ। ਆਤਮਾ ਤੋਂ ਬਿਨਾਂ ਸਰੀਰ ਕੁਝ ਵੀ ਨਹੀਂ। ਸਰੀਰ ਦੀ ਸਾਰੀ ਦੇਖ-ਭਾਲ ਆਤਮਾ ਕਰਕੇ ਹੀ ਹੈ, ਅਤੇ ਇਸ ਦੇ ਕਰਨ ਵਾਲਾ ਵੀ ਆਤਮਾ ਹੀ ਹੈ। ਸੋ ਜੀਵਨ ਅੰਦਰ ਆਤਮਾ ਆਜ਼ਾਦ ਅਤੇ ਕਰਨਹਾਰ (ਫ਼ਾਇਲੀ) ਹੋਂਦ ਹੈ, ਅਤੇ ਸਰੀਰ ਆਤਮਾ ਦੀ ਮੁਥਾਜ (ਮਫ਼ਊਲੀ) ਹੋਂਦ। ਸਰੀਰ ਦੇ ਛੋਟੇ ਮੋਟੇ ਸਾਰੇ ਦੁਖ ਸੁਖ ਆਤਮਾ ਦੇ ਦੁਖ ਸੁਖ ਬਣ ਜਾਂਦੇ ਹਨ, ਅਤੇ ਆਤਮਾ ਇਨ੍ਹਾਂ ਵਿਚ ਉਲਝ ਕੇ ਆਪਣਾ ਅਸਲਾ (ਕਿ ਉਹ ਸਦੀਵੀ ਰਹਿਣ ਵਾਲੇ ਪਰਮਾਤਮਾ ਦੀ ਅੰਸ਼ ਹੈ) ਭੁੱਲ ਹੀ ਜਾਂਦਾ ਹੈ। ਇਸ ਦਸ਼ਾ ਦਾ ਅਲੰਕਾਰਕ ਵਰਨਣ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਅੰਦਰ ਇਉਂ ਕੀਤਾ ਹੈ -

*ਸੰਗੀ ਜੋਗੀ ਨਾਰਿ ਲਪਟਾਣੀ॥*
*ਉਰਝਿ ਰਹੀ ਰੰਗ ਰਸ ਮਾਣੀ॥*
*ਕਿਰਤ ਸੰਜੋਗੀ ਭਏ ਇਕਤ੍ਰਾ*
*ਕਰਤੇ ਭੋਗ ਬਿਲਾਸਾ ਹੇ॥੧॥*
*ਧਨ ਮਾਗੈ ਪ੍ਰਿਉ ਬਹੁ ਬਿਧਿ ਧਾਵੈ॥*
*ਜੋ ਪਾਵੈ ਸੋ ਆਣਿ ਦਿਖਾਵੈ॥*
*ਏਕ ਵਸਤੁ ਕਉ ਪਹੁਚਿ ਨ ਸਾਕੈ*
*ਧਨ ਰਹਤੀ ਭੂਖ ਪਿਆਸਾ ਹੇ॥੩॥ ਅੰਗ - ੧੦੭੨*

ਆਤਮਾ, ਵਾਸਤਵ ਵਿਚ ਇਕ ਬੈਰਾਗੀ ਤਿਆਗੀ ਜੋਗੀ ਦੀ ਨਿਆਈਂ ਸੀ। ਸਰੀਰ ਵਿਚ ਵਾਧਾ ਹੋ ਜਾਣ 'ਤੇ ਸਰੀਰ ਆਤਮਾ ਨਾਲ ਇਉਂ ਲਿਪਟ ਗਿਆ ਜਿਵੇਂ ਨਾਰ ਆਪਣੇ ਪਤੀ ਨਾਲ ਲਿਪਟੀ ਰਹਿੰਦੀ ਹੈ। ਇਹ ਪਿਛਲੇ ਜਨਮਾਂ ਦੀ ਕਿਰਤ ਅਨੁਸਾਰ ਪਏ ਸੰਜੋਗਾਂ ਕਾਰਨ ਇਕੱਠੇ ਹੋਏ ਸਨ, ਪਰ ਹੁਣ ਇਹ ਆਪਸੀ ਪਿਆਰ ਤੇ ਮੌਜ-ਮੇਲਿਆਂ ਵਿਚ ਉਲਝ ਬੈਠੇ ਹਨ।.....ਸਰੀਰ ਰੂਪ ਇਸਤ੍ਰੀ

ਜੋ ਮੰਗਦੀ ਹੈ, ਆਤਮਾ ਉਸ ਨੂੰ ਪੂਰਾ ਕਰਨ ਲਈ ਨੱਠਾ ਫਿਰਦਾ ਹੈ, ਅਤੇ ਜੋ ਪ੍ਰਾਪਤ ਹੁੰਦਾ ਹੈ ਸਰੀਰ ਨੂੰ ਅਰਪਨ ਕਰ ਦੇਂਦਾ ਹੈ। ਚੂੰਕਿ ਸਰੀਰ ਦੀਆਂ ਮੰਗਾਂ ਅਨਗਿਣਤ ਹਨ ਅਤੇ ਉਸ ਦੀ ਭੁੱਖ ਪਿਆਸ ਮਿਟਦੀ ਹੀ ਨਹੀਂ, ਆਤਮਾ ਰੂਪੀ ਪਤੀ ਸਰੀਰ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਉਲਝਿਆ ਹੋਇਆ, ਆਪਣੀ ਪ੍ਰਾਪਤ ਕਰਨ ਜੋਗ ਵਸਤੂ (ਨਾਮ) ਤਕ ਪਹੁੰਚ ਹੀ ਨਹੀਂ ਸਕਦਾ।

ਇਸ ਤਰ੍ਹਾਂ ਸਰੀਰ ਦੇ ਸਾਰੇ ਦੁਖ ਸੁਖ ਆਤਮਾ ਦੇ ਦੁਖ ਸੁਖ ਬਣ ਜਾਂਦੇ ਹਨ, ਅਤੇ ਆਤਮਾ, ਜੋ ਵਾਸਤਵ ਵਿਚ ਸਰੀਰ ਦਾ ਮਾਲਕ ਜਾਂ ਸਰਦਾਰ ਸੀ, ਸਰੀਰ ਦਾ ਗੁਲਾਮ ਬਣ ਕੇ ਰਹਿ ਜਾਂਦਾ ਹੈ, ਬਲਕਿ ਆਤਮਾ, ਸਰੀਰ ਤੋਂ ਵਖਰੀ ਹੋਂਦ ਰੱਖਣ ਦਾ ਅਹਿਸਾਸ ਹੀ ਗਵਾ ਲੈਂਦੀ ਹੈ, ਅਤੇ ਸਰੀਰਕ ਦੁਖਾਂ ਸੁਖਾਂ ਨਾਲ ਇਉ ਲਿਪਟਿਆ ਰਹਿੰਦਾ ਹੈ ਜਿਵੇਂ ਕਿ ਇਹ ਇਸ ਦਾ ਹੀ ਭਾਗ ਹਨ।

ਜੇ ਆਤਮਾ ਦੇ ਅੰਦਰ ਇਹ ਅਹਿਸਾਸ ਸਥਿਰ ਹੋ ਜਾਏ ਕਿ ਇਹ ਸਰੀਰ ਨਹੀਂ, ਬਲਕਿ ਇਸ ਤੋਂ ਨਿਆਰਾ ਹੈ, ਅਤੇ ਅਜਿਹੀ ਹੋਂਦ ਦਾ ਭਾਗ ਹੈ ਜੋ 'ਸਤ' ਅਥਵਾ ਸਦੀਵੀ ਰਹਿਣ ਵਾਲੀ ਹੈ, ਜੋ ਅਤਿ ਖੇੜਾ ਹੀ ਖੇੜਾ ਜਾਂ ਅਨੰਦੀ ਸਰੂਪ ਹੈ –

***ਸਤਿ ਸੁਹਾਣੁ ਸਦਾ ਮਨਿ ਚਾਉ॥੨੧॥ ਜਪੁਜੀ***

ਤਾਂ ਇਸ ਨੂੰ ਕਿਸੇ ਕਾਲ ਵੀ ਕੋਈ ਦੁਖ-ਕਲੇਸ਼ ਨਹੀਂ। ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਐਸੀ ਹੋਂਦ ਨੂੰ ਇਕ ਸ਼ਬਦ ਵਿਚ ਅਤਿ ਅਸਚਰਜ ਅਤੇ ਅਨੂਪ (ਉਪਮਾ ਤੋਂ ਪਰੇ) ਦਸਦੇ ਹੋਏ ਇਉਂ ਬਿਆਨ ਕੀਤਾ ਹੈ–

***ਅਚਰਜ ਕਥਾ ਮਹਾ ਅਨੂਪ॥<br>ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥ਰਹਾਉ॥<br>ਨਾ ਇਹੁ ਬੂਢਾ ਨਾ ਇਹੁ ਬਾਲਾ॥<br>ਨਾ ਇਸੁ ਦੂਖੁ ਨਹੀ ਜਮ ਜਾਲਾ॥<br>ਨਾ ਇਹੁ ਬਿਨਸੈ ਨਾ ਇਹੁ ਜਾਇ॥<br>ਆਦਿ ਜੁਗਾਦੀ ਰਹਿਆ ਸਮਾਇ॥੧॥<br>ਨਾ ਇਸੁ ਉਸਨੁ ਨਹੀ ਇਸੁ ਸੀਤੁ॥<br>ਨਾ ਇਸੁ ਦੁਸਮਨੁ ਨਾ ਇਸੁ ਮੀਤੁ॥<br>ਨਾ ਇਸੁ ਹਰਖੁ ਨਹੀ ਇਸੁ ਸੋਗੁ॥<br>ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ॥੨॥<br>ਨਾ ਇਸੁ ਬਾਪੁ ਨਹੀ ਇਸੁ ਮਾਇਆ॥<br>ਇਹੁ ਅਪਰੰਪਰੁ ਹੋਤਾ ਆਇਆ॥<br>ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ॥<br>ਘਟ ਘਟ ਅੰਤਰਿ ਸਦ ਹੀ ਜਾਗੈ॥੩॥***

***ਅੰਗ – ੮੬੮***

ਇਸ ਜੀਵਾਤਮਾ ਦੀ ਕਥਾ ਬੜੀ ਅਸਚਰਜ ਅਤੇ ਕਿਸੇ ਨਾਲ ਉਪਮਾਏ ਜਾਣ ਤੋਂ ਪਰੇ ਹੈ। ਇਹ ਜੀਵਾਤਮਾ ਪਾਰਬ੍ਰਹਮ ਦਾ ਹੀ ਰੂਪ ਹੈ, ਉਸੇ ਦੀ ਹੀ ਅੰਸ਼ ਹੈ। ਆਤਮਾ ਕਦੀ ਬੁਢਾ ਜਾਂ ਬਾਲ ਨਹੀਂ ਹੁੰਦਾ, ਇਸ ਨੂੰ ਸਰੀਰਕ ਜਾਂ ਜਮਾਂ ਦਾ ਦੁਖ ਨਹੀਂ ਹੁੰਦਾ। ਨਾ ਇਹ ਨਾਸ ਹੁੰਦਾ ਹੈ, ਨਾ ਇਸ ਦਾ ਅੰਤ ਹੁੰਦਾ ਹੈ। ਇਹ ਆਦਿ ਜੁਗਾਦਿ ਤੋਂ ਕਾਇਮ ਹੈ। ਇਸ ਨੂੰ ਗਰਮੀ ਸਰਦੀ ਪੋਹੰਦੀ ਨਹੀਂ। ਨਾ ਹੀ ਇਸ ਦਾ ਕੋਈ ਵੈਰੀ ਹੈ ਤੇ ਨਾ ਹੀ ਕੋਈ ਮਿੱਤਰ। ਇਸ ਨੂੰ ਖ਼ੁਸ਼ੀ ਜਾਂ ਗ਼ਮੀ ਪੋਹ ਨਹੀਂ ਸਕਦੀ। ਸਭ ਕੁਝ ਇਸੇ ਦਾ ਹੀ ਹੈ ਤੇ ਇਹ ਹੀ ਆਪਣੇ ਆਪ ਦਾ ਕਰਨਹਾਰ ਹੈ। ਇਸ ਦਾ ਕੋਈ ਮਾਂ ਪਿਉ ਨਹੀਂ, ਸਗੋਂ ਇਹ ਤਾਂ ਸਰੀਰਕ ਹੱਦਾਂ ਤੋਂ ਪਰੇ ਹੈ ਅਤੇ ਪਰੇ ਹੀ ਰਹੇਗਾ। ਆਪਣੇ ਅਸਲੇ ਵਿਚ ਇਹ ਪਾਪ ਪੁੰਨ ਦੇ ਅਸਰਾਂ ਤੋਂ ਭੀ ਉੱਤੇ ਹੈ ਅਤੇ ਹਰ ਸਰੀਰ ਅੰਦਰ ਇਹ ਚੇਤੰਨ ਰਹਿੰਦਾ ਹੈ।

ਆਤਮਾ ਦੇ ਸਰੀਰਕ ਹੱਦਾਂ ਤੋਂ ਪਰੇ ਤੇ ਸਦਾ ਚੇਤੰਨ ਹੋਣ ਬਾਰੇ ਐਸੀ ਦ੍ਰਿੜ੍ਹਤਾ, ਜਿਸ ਦਾ ਸੰਖੇਪ ਵਰਨਣ ਇਸ ਸ਼ਬਦ ਵਿਚ ਆਇਆ ਹੈ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਤਮ-ਬਲੀ ਹੋਣ ਦੀ ਸਾਖ ਭਰਦਾ ਹੈ। ਸੰਸਾਰ ਦੀਆਂ ਪਕੜਾਂ ਤੋਂ ਆਪ ਦਾ ਹਿਰਦਾ ਕਿੰਨਾ ਉਪਰ ਉੱਠ ਚੁੱਕਾ ਸੀ, ਇਸ ਦੀ ਵੰਨਗੀ ਆਪ ਜੀ ਦੇ ਇਸ ਸਲੋਕ ਤੋਂ ਇਉਂ ਮਿਲਦੀ ਹੈ –

***ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ॥ ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ ਹਰਿ ਨਾਨਕ ਤੁਲਹਾ ਬੇੜੀ॥੧॥੯॥ ਅੰਗ – ੫੨●***

ਮੇਰੇ ਹਿਰਦੇ ਅੰਦਰ ਤੇਰੀ ਮੁਹੱਬਤ ਏਨੀ ਡੂੰਘੀ ਸਮਾਈ ਹੁੰਦੀ ਹੈ ਕਿ ਸੰਸਾਰ ਰੂਪੀ ਨਦੀ ਨੂੰ ਤਰਦਿਆਂ ਮੇਰੇ ਪੈਰ ਇਸ ਦੇ ਮੋਹ-ਮਮਤਾ ਵਿਚ ਨਹੀਂ ਖੁਭਦੇ, ਅਤੇ ਤੇਰੇ ਚਰਨਾਂ ਸੰਗ ਮੇਰਾ ਹਿਰਦਾ ਇਉਂ ਸੀਤਾ ਪਿਆ ਹੈ ਕਿ ਇਸ ਨਦੀ ਨੂੰ ਪਾਰ ਕਰਨ ਲਈ ਤੇਰਾ ਪਿਆਰ ਹੀ ਮੇਰੇ ਲਈ ਤੁਲਹਾ ਜਾਂ ਬੇੜੀ ਬਣੀ ਹੁੰਦੀ ਹੈ।

ਇਹ ਮੁਹੱਬਤ ਕਿਸ ਪਾਇ ਦੀ ਹੋਣੀ ਚਾਹੀਦੀ ਹੈ, ਇਸ ਬਾਰੇ ਸ੍ਰੀ ਗੁਰੂ ਅਮਰਦਾਸ ਜੀ ਦਾ ਮਹਾਂਵਾਕ ਆਪ ਦੇ ਸਾਹਮਣੇ ਹੈ –

***ਆਤਮਾ ਦ੍ਰਵੈ ਰਹੈ ਲਿਵ ਲਾਇ॥ ਅੰਗ – ੬੬੧***

ਅਰਥਾਤ ਪਿਆਰ ਅੰਦਰ ਆਤਮਾ ਪਿਘਲ ਕੇ ਨਰਮੀ ਫੜੇ ਅਤੇ ਇਸ ਦੀ ਲਿਵ ਪਰਮਾਤਮਾ ਵਿਚ ਇਉਂ ਲਗ ਜਾਵੇ ਕਿ –

*ਆਤਮਾ ਪਰਾਤਮਾ ਏਕੋ ਕਰੈ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ॥੧॥ ਅੰਗ - ੬੬੧*

ਆਤਮਾ ਤੇ ਪਰਮਾਤਮਾ ਇਕ-ਰੂਪ ਹੋ ਜਾਣ ਅਤੇ ਹਿਰਦੇ ਦੀ ਦਵੈਤ ਅੰਦਰ ਹੀ ਗ਼ਰਕ ਹੋ ਜਾਵੇ। ਅਜਿਹੀ ਅਵਸਥਾ ਅੰਦਰ ਆਤਮਾ, ਜੋ ਇਸ ਤੋਂ ਪਹਿਲਾਂ ਸਰੀਰ-ਪ੍ਰਾਇਣ ਹੋਏ ਹੋਣ ਕਾਰਨ, ਸਰੀਰਕ ਦੁਖਾਂ ਸੁਖਾਂ ਦਾ ਭਾਗੀ ਬਣਿਆ ਹੁੰਦਾ ਹੈ, ਪ੍ਰਭੂ-ਪ੍ਰਾਇਣ ਹੋ ਜਾਂਦਾ ਹੈ, ਅਤੇ ਸਰੀਰ ਨਾਲ ਉਸ ਦਾ ਸੰਬੰਧ, ਕੇਵਲ ਸਰੀਰ ਨੂੰ ਜੀਵਤ ਰੱਖਣ ਤਕ ਹੀ ਸੀਮਤ ਰਹਿੰਦਾ ਹੈ। ਇਹ ਅਹਿਸਾਸ ਕਿ ਮੈਂ ਸਰੀਰ ਨਹੀਂ, ਸਗੋਂ ਮੈਂ 'ਜੋਤਿ ਸਰੂਪ' ਹਾਂ, ਅਤੇ ਸਰੀਰ ਨਾਲ ਤਾਂ ਮੇਰਾ ਸੰਜੋਗੀ ਮੇਲ ਹੈ, ਜੋ ਸੰਜੋਗ ਦਾ ਸਮਾਂ ਪੂਰਾ ਹੋਣ ਤੇ ਟੁਟ ਜਾਣਾ, ਆਤਮਾ ਨੂੰ ਆਪਣੇ ਅਸਲੇ ਨਾਲ ਜੋੜਨ ਅਤੇ ਸਰੀਰ ਨੂੰ ਓਪਰਾ ਜਾਣਨ ਵਿਚ ਸਹਾਈ ਹੁੰਦਾ ਹੈ। ਆਤਮਾ ਬਦੇਹ ਹੋਣ ਦੇ ਧਿਆਨ ਲਗਦਾ ਹੈ, ਅਥਵਾ ਦੇਹ ਦੇ ਹੁੰਦੇ ਹੋਏ ਵੀ ਦੇਹ-ਰਹਿਤ-ਜੀਵਨ ਜੀਊਣ ਦੀ ਹਾਲਤ ਅਨੁਭਵ ਕਰਦਾ ਹੈ। ਐਸੀ ਦਸ਼ਾ ਦਾ ਨਿਰਣਾ, ਗੁਰੂ ਕੇ ਕੀਰਤਨੀਏ ਭਾਈ ਹੀਰਾ ਸਿੰਘ ਪ੍ਰਤੀ, ਉਨ੍ਹਾਂ ਦੀ ਅੰਤਮ ਸਮੇਂ ਦੀ ਅਤਿ ਤਕਲੀਫ ਵਿਚ ਸੰਤ ਅਤਰ ਸਿੰਘ ਜੀ ਦੇ ਕਹੇ ਹੋਏ ਇਹ ਸ਼ਬਦ ਜਿਕਰਯੋਗ ਹਨ ਕਿ ਭਾਈ ਹੀਰਾ ਸਿੰਘ ਜੀ, ਦਰਦ ਤਾਂ ਤੁਹਾਡੇ ਸਰੀਰ ਨੂੰ ਹੈ, ਤੁਸੀਂ ਬਿਦੇਹ ਹੋ ਜਾਓ ਦਰਦ ਹਟ ਜਾਏਗਾ।

ਜਦੋਂ ਹਿਰਦੇ ਦੀ ਐਸੀ ਉਚ-ਅਵਸਥਾ ਹੋ ਜਾਏ ਤਾਂ ਫਿਰ ਸਰੀਰਕ ਦੁਖ ਦਰਦ ਹੁੰਦੇ ਹੋਏ ਵੀ ਅਣ-ਹੁੰਦੇ ਹੋ ਜਾਂਦੇ ਹਨ, ਕਿਉਂਕਿ -

*ਅੰਦਰੁ ਵਿਧਾ ਸਚਿ ਨਾਇ*
*ਬਾਹਰਿ ਭੀ ਸਚੁ ਡਿਠੋਮਿ॥*
*ਨਾਨਕ ਰਵਿਆ ਹਭ ਥਾਇ*
*ਵਣਿ ਤ੍ਰਿਣਿ ਤ੍ਰਿਭਵਣਿ ਰੋਮਿ॥੨॥੨੨॥*
*ਅੰਗ - ੬੬੬*

ਅੰਦਰ ਸੱਚੇ ਨਾਮ ਦੇ ਪਿਆਰ ਵਿਚ ਵਿੰਨ੍ਹਿਆ ਪਿਆ ਹੈ, ਬਾਹਰ ਭੀ ਮੈਨੂੰ ਹਰ ਥਾਂ ਸੱਚ ਪਸਰਿਆ ਪ੍ਰਤੀਤ ਹੁੰਦਾ ਹੈ। ਸਾਰੀਆਂ ਥਾਵਾਂ ਤੇ, ਸਾਰੀ ਸ੍ਰਿਸ਼ਟੀ, ਰੁਖਾਂ ਬਿਰਖਾਂ ਕੱਖਾਂ ਅਤੇ ਰੋਮ ਰੋਮ ਅੰਦਰ, ਓਹੋ ਪ੍ਰਭੂ ਰਮ ਰਿਹਾ ਹੈ -

*ਸਭ ਮਹਿ ਰਵਿ ਰਹਿਆ ਪ੍ਰਭੁ ਏਕੈ*
*ਪੇਖਿ ਪੇਖਿ ਨਾਨਕ ਬਿਗਸਾਈ॥੩॥੮॥*
*ਅੰਗ - ੧੨੯੯*

ਆਪ ਜੀ ਉਸ ਸਜਣ-ਪ੍ਰਭੂ ਨੂੰ ਹਰੇਕ ਵਿਚ ਰਵਿਆ ਵੇਖ ਵੇਖ ਕੇ ਅਨੰਦਤ ਹੋ ਰਹੇ ਹਨ। ਆਪ ਜੀ ਨੂੰ ਐਸਾ ਜਿੰਦ-ਜਾਨ ਤੋਂ ਪਿਆਰਾ ਪ੍ਰਭੂ ਆਪਣੇ ਨਿਕਟ ਖਲੋਤਾ ਪ੍ਰਤੀਤ ਹੋ ਰਿਹਾ ਹੈ -

*ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ॥*
*ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ॥੧॥ ਅੰਗ - ੯੨੪*

ਇਸੇ ਲਈ ਆਪ ਫੁਰਮਾਂਦੇ ਹਨ ਕਿ ਮੈਂ ਉਲਾਂਭਾ ਕਿਸ ਨੂੰ ਦੇਵਾਂ, ਜਦ ਕਿ ਮੈਨੂੰ ਤਾਂ ਸਭ ਕੁਝ ਉਸ ਦਾ ਕੀਤਾ ਹੋਣ ਕਰਕੇ ਮਿੱਠਾ ਲਗ ਰਿਹਾ ਹੈ -

*ਉਲਾਹਨੋ ਮੈ ਕਾਹੂ ਨ ਦੀਓ॥*
*ਮਨ ਮੀਠਾ ਤੁਹਾਰੋ ਕੀਓ॥ ਨਟ ਨਾਰਾਇਨ ਮ; ੫*

*ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥*
*ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥੧॥*
*ਅੰਗ - ੧੩੦੨*

ਉਨ੍ਹਾਂ ਦੇ ਨੇਤਰਾਂ ਵਿਚ ਸਭ ਸੁਖ ਹੀ ਸੁਖ ਅਤੇ ਭਲਾ ਹੀ ਭਲਾ ਸਮਾਇਆ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਮੇਂ ਅਡੋਲਤਾ ਦਾ ਆਧਾਰ ਆਪ ਦਾ ਐਸਾ ਵਿਸ਼ਵਾਸ ਸੀ ਕਿ -

(੧) ਆਤਮਾ ਦੀ ਹੋਂਦ ਸਰੀਰ ਤੋਂ ਬਿਲਕੁਲ ਨਿਆਰੀ ਤੇ ਅਲੱਗ ਥਲੱਗ ਹੈ। ਇਸ ਦਾ ਸਰੀਰ-ਪ੍ਰਾਇਨ ਹੋ ਵਿਚਰਨਾ ਹੀ ਦੁਖਾਂ ਦਾ ਕਾਰਨ ਹੈ। ਜੇ ਇਹ ਪਰਮਾਤਮਾ-ਪ੍ਰਾਇਨ ਹੋ ਜਾਵੈ, ਅਥਵਾ ਪਰਮਾਤਮਾ ਨਾਲ ਇਕ-ਸੁਰਤਾ ਧਾਰਨ ਕਰ ਲਵੇ ਤਾਂ ਕੋਈ ਦੁਖ ਕਲੇਸ਼ ਨਹੀਂ ਰਹਿ ਜਾਂਦਾ।

(੨) ਹਰ ਗੱਲ ਵਾਹਿਗੁਰੂ ਦੀ ਰਜ਼ਾ ਅਨੁਸਾਰ, ਉਸ ਦੇ ਹੁਕਮ ਅਧੀਨ ਵਰਤਦੀ ਹੈ, ਉਸ ਦੇ ਵਰਤਾਏ ਹਰ ਹੁਕਮ ਨੂੰ ਮਿੱਠਾ ਕਰਕੇ ਮੰਨਣ ਨਾਲ ਦੁਖ-ਭੈ ਦੂਰ ਹੋ ਜਾਂਦੇ ਹਨ।

(੩) ਵਾਹਿਗੁਰੂ ਦਾ ਹੁਕਮ ਤਦੋਂ ਹੀ ਮਿੱਠਾ ਲਗਦਾ ਹੈ ਜੇਕਰ ਉਸ ਦੇ ਲਈ ਡੂੰਘਾ ਪਿਆਰ ਅਤੇ ਅਟੁੱਟ ਲਗਨ ਹੋਵੇ। ਜੈਸਾ ਪਿਆਰ ਤੇ ਲਗਨ ਗੁਰੂ ਅਰਜਨ ਦੇਵ ਜੀ ਦੇ ਅੰਦਰ ਸੀ। ਸ੍ਰੀ ਗੁਰੂ ਅਰਜਨ ਦੇਵ ਜੀ, ਨਿਰਾ ਐਸਾ ਵਿਸ਼ਵਾਸ ਹੀ ਨਹੀਂ ਸਨ ਰਖਦੇ, ਸਗੋਂ ਵਾਹਿਗੁਰੂ ਦੀ ਦਰਗਾਹ ਬਖ਼ਸ਼ਸ਼ ਹੋਏ ਨਾਮ-ਅੰਮ੍ਰਿਤ ਦਾ ਝਰਨਾ ਉਨ੍ਹਾਂ ਦੇ ਹਿਰਦੇ ਅੰਦਰ ਸਦਾ ਇਕ-ਰਸ ਝਰਦਾ ਰਹਿੰਦਾ ਸੀ। ਜਿਸ ਕਾਰਨ ਉਨ੍ਹਾਂ ਦਾ ਅੰਦਰਲਾ ਸਦਾ ਸਰਸ਼ਾਰ ਰਹਿੰਦਾ ਸੀ। ਇਸ ਅਨੰਦ-ਭਰਪੂਰ ਅਵਸਥਾ ਵਿਚ ਕਿਸੇ ਤਰ੍ਹਾਂ ਦਾ ਵੀ

***(ਬਾਕੀ ਪੰਨਾ 34 'ਤੇ)***

# ਰਹਿੰਦੇ ਗੁਰ ਦਰੀਆਉ ਵਿਚਿ

ਗੁਰੂ ਪੰਚਮ ਪਾਤਸ਼ਾਹ ਜੀ ਨੂੰ ਅੰਤ ਵੇਲੇ ਦਿੱਤੇ ਗਏ ਭਿਆਨਕ ਤਸੀਹਿਆਂ ਦਾ ਦੁਖਦਾਈ ਚਿੱਤਰ ਅੱਖਾਂ ਸਾਹਮਣੇ ਲਿਆ ਕੇ ਅਸੀਂ ਕੰਬ ਉਠਦੇ ਹਾਂ। ਸੰਸਾਰਕ ਦੁਖਾਂ-ਸੁਖਾਂ ਵਿਚ ਲਿਬੜੇ ਹੋਏ ਅਸੀਂ ਅਲਪੱਗ ਜੀਵ ਉਸ ਮਹਾਨ ਆਤਮਾ ਦੀ ਉੱਚੀ ਅਵਸਥਾ ਦਾ ਟਿਕਾ ਅਤੇ ਪ੍ਰਭੂ-ਚਰਨਾਂ ਵਿਚ ਜੁੜੀ ਸੁਰਤ ਦਾ ਅਨੁਮਾਨ ਤਕ ਨਹੀਂ ਲਾ ਸਕਦੇ, ਕਿਉਂਕਿ ਸਾਡੀਆਂ ਨਜ਼ਰਾਂ ਸਰੀਰਾਂ ਤਕ ਹੀ ਸੀਮਤ ਹਨ।

ਅਜਿਹੇ ਸਮੇਂ ਸਤਿਗੁਰਾਂ ਦੇ ਅਨਿਨ ਸੇਵਕ ਤੇ ਪੂਰਨ ਗੁਰਸਿੱਖ ਭਾਈ ਗੁਰਦਾਸ ਜੀ ਇਸ ਮਹਾਨ ਸ਼ਹੀਦੀ ਸਾਕੇ ਦਾ ਦਰਸ਼ਨ ਕੁਝ ਹੋਰ ਰੂਪ ਵਿਚ ਕਰਾਉਂਦੇ ਹਨ। ਇਹ ਦਰਸ਼ਨ ਅਸਾਂ ਸੰਸਾਰੀ ਜੀਵਾਂ ਦੀ ਤਕਣੀ ਤੋਂ ਨਿਰਾਲੇ ਹਨ।ਉਹ ਲਿਖਦੇ ਹਨ ਕਿ ਮੇਰਾ ਚੋਜੀ ਪ੍ਰੀਤਮ ਤਤੀ ਲੋਹ ’ਤੇ ਬੈਠਾ ਅਤੇ ਸੜਦੀ ਰੇਤ ਹੇਠਾਂ ਕਿਸੇ ਅਨੂਪਮ ਅਵਸਥਾ ਤੇ ਸਹਿਜ ਸਮਾਧੀ ਵਿਚ ਰੰਗ-ਰਸ ਲੀਨ ਸੀ, ਉਹ ਨਾਮ-ਤਰੰਗਾਂ ਵਿਚ ਗੁਰੂ-ਚਰਨਾਂ ਵਿਚ ਟਿਕੇ ਹੋਏ ਇਲਾਹੀ ਸੁਖ ਮਾਣ ਰਹੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਪਣੇ ਇਹ ਬਚਨ ਪ੍ਰਤੱਖ ਸਾਕਾਰ ਹੋ ਰਹੇ ਸਨ –

***ਬੈਕੁੰਠ ਨਗਰੁ ਜਹਾ ਸੰਤ ਵਾਸਾ॥***
***ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ॥ ਸੂਹੀ ਮ:੫***

ਭਾਈ ਸਾਹਿਬ ਸ਼ਹੀਦੀ ਸਮੇਂ ਦੀ ਅਵਸਥਾ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਉਦੋਂ ਪੰਚਮ ਪਾਤਸ਼ਾਹ, ਗੁਰੂ ਰਾਮਦਾਸ ਜੀ ਰੂਪੀ ਦਰਿਆ ਵਿਚ ਇਕ ਸੁੰਦਰ ਮੱਛੀ ਵਾਂਗ ਤਾਰੀਆਂ ਲਾ ਰਹੇ ਸਨ। ਜਿਵੇਂ ਮੱਛੀ ਦਰਿਆ ਦੇ ਨਿਰਮਲ ਜਲ ਵਿਚ ਓਤ ਪੋਤ ਲੀਨ ਹੋਈ ਅਨੰਦ ਮਾਣਦੀ ਹੈ, ਉਹ ਇਧਰ ਉਧਰ ਸਭ ਪਾਸੇ ਜਲ ਹੀ ਜਲ ਦੇਖਦੀ ਹੈ, ਉਸ ਨੂੰ ਹੋਰ ਕੁਝ ਨਜ਼ਰ ਹੀ ਨਹੀਂ ਆਉਂਦਾ ਨਾ ਕੋਈ ਮੱਛੀ ਅਤੇ ਨਾ ਕੋਈ ਜਾਲ, ਇਵੇਂ ਹੀ ਗੁਰੂ ਅਰਜਨ ਦੇਵ ਜੀ ਗੁਰੂ ਰਾਮਦਾਸ ਜੀ ਦੇ ਦਰਸ਼ਨਾਂ ਵਿਚ ਸਮਾਏ ਹੋਏ ਅਨੰਦ ਮਾਣ ਰਹੇ ਸਨ ਅਤੇ ਸਭ ਪਾਸੇ ਗੁਰਦੇਵ ਪਰਮੇਸ਼ਰ ਦੇ ਹੀ ਰੰਗ ਖਿੜੇ ਨਜ਼ਰ ਆ ਰਹੇ ਸਨ। ਭਾਈ ਗੁਰਦਾਸ ਜੀ ਨੇ ਦੂਜੀ ਮਿਸਾਲ ਪਤੰਗੇ ਦੀ ਦਿੱਤੀ ਹੈ ਕਿ ਜਿਵੇਂ ਪਤੰਗਾ ਜਗਦੀ ਜੋਤ ਤੇ ਲੱਟੂ ਹੋ ਜਾਂਦਾ ਹੈ, ਉਹ ਜਗਦੀ ਲਾਟ ਦੇ ਚਾਨਣ 'ਤੇ ਮਸਤ ਹੋਇਆ ਆਪਣਾ ਆਪ ਕੁਰਬਾਨ ਕਰ ਦੇਂਦਾ ਹੈ, ਪਰ ਉਧਰੋਂ ਮੂੰਹ ਨਹੀਂ ਮੋੜਦਾ, ਇਵੇਂ ਹੀ ਗੁਰ ਪਾਤਸ਼ਾਹ ਜਾਗਤ ਜੋਤ ਗੁਰੂ ਰਾਮਦਾਸ ਜੀ ਦੇ ਦਰਸ਼ਨਾਂ ਵਿਚ ਮਸਤੂਲ ਮਸਤ ਹੋ ਰਹੇ ਸਨ।

ਇਸ ਤੋਂ ਅਗੇ ਹਿਰਨ ਤੇ ਸ਼ਬਦ ਦੀ ਪ੍ਰੀਤ ਦਰਸਾਈ ਹੈ ਕਿ ਜਿਵੇਂ ਉਹ ਘੰਡੇ-ਹੇੜੇ ਦੀ ਅਵਾਜ਼ ਦਾ ਖਿੱਚਿਆ ਹੋਇਆ ਉਸ ਵਲ ਭੱਜਾ ਜਾਂਦਾ ਹੈ, ਕਿ ਉਸ ਦੀ ਸੁਰਤਿ ਉਸ ਸ਼ਬਦ ਵਿਚ ਐਸੀ ਜੁੜੀ ਹੁੰਦੀ ਹੈ ਕਿ ਉਸ ਨੂੰ ਹੋਰ ਕੁਝ ਸੁਝਦਾ ਹੀ ਨਹੀਂ, ਭਾਵੇਂ ਉਹ ਕਿਸੇ ਫਾਹੀ ਵਿਚ ਫਸ ਜਾਂਦਾ ਹੈ। ਇਵੇਂ ਹੀ ਗੁਰੂ ਅਰਜਨ ਦੇਵ ਜੀ ਗੁਰ-ਸ਼ਬਦ ਵਿਚ ਲਿਵਲੀਨ ਹੋਏ ਬੈਠੇ ਸਨ ਅਤੇ ਅੰਤ ਸਮੇਂ ਜਦ ਭੀੜਾ ਆ ਬਣੀ ਤਾਂ ਉਹਨਾਂ ਦੇ ਅੰਦਰ ਗੁਰ-ਸ਼ਬਦ ਤੋਂ ਬਿਨਾ ਹੋਰ ਕੋਈ ਖ਼ਿਆਲ ਚਿਤ-ਚੇਤਾ ਵੀ ਨਹੀਂ ਸੀ। ਸਗੋਂ ਇਸ ਤੋਂ ਉਲਟ ਉਹ ਆਪਣੇ ਗੁਰਦੇਵ ਦੇ ਚਰਨਾਂ ਨਾਲ ਅਜਿਹੇ ਲਿਪਟੇ ਹੋਏ ਸਨ ਕਿ ਉਸ ਆਤਮ-ਸੁਖ-ਅਵਸਥਾ ਵਿਚ ਸਾਰਾ ਸਮਾਂ ਇਸ ਤਰ੍ਹਾਂ ਬੀਤ ਗਿਆ ਜਿਵੇਂ ਭੌਰਾ ਕੰਵਲ ਫੁੱਲ ਵਿਚ ਬੈਠਾ ਹੁੰਦਾ ਹੈ ਅਤੇ ਸੂਰਜ ਅਸਤ ਹੋਣ ’ਤੇ ਕੰਵਲ ਫੁੱਲ ਵਿਚ ਹੀ ਮੀਟਿਆ ਜਾਂਦਾ ਹੈ। ਉਸ ਆਤਮ-ਅਰੂੜ-ਸਮਾਧੀ ਵਿਚ ਗੁਰੂ ਅਰਜਨ ਦੇਵ ਜੀ ਦੇ ਅੰਤਰ ਆਤਮੇ ਗੁਰ- ਸ਼ਬਦ ਦੀ ਇਕ-ਰਸ ਧੁਨੀ ਇਉਂ ਗੂੰਜ ਰਹੀ ਸੀ ਜਿਵੇਂ ਇਕ ਪਪੀਹਾ ਸ੍ਵਾਂਤੀ ਬੂੰਦ ਲਈ ਲਗਾਤਾਰ ਪ੍ਰਿਉ-ਪ੍ਰਿਉ ਦੀ ਰਟ ਲਾਈ ਰਖਦਾ ਹੈ। ਇਹ ਧੁਨੀ ਐਸੀ ਪ੍ਰਬਲ ਚਲ ਰਹੀ ਸੀ ਜਿਸ ਤੋਂ ਵਿਛੋੜਾ ਅਸਹਿ ਸੀ। ਗੁਰੂ ਪਰਮੇਸ਼ਰ ਦੇ ਸਨਮੁਖ ਓਤ-ਪੋਤ ਹੋਏ ਜਿਸ

ਪਿਰਮ ਰਸ ਦੇ ਅੰਮ੍ਰਿਤ ਨੂੰ ਉਹ ਚਖ ਰਹੇ ਸਨ ਉਸ ਦਾ ਫਲ ਸਰੂਪ ਅਗੰਮੀ ਸੁਖ ਸੀ, ਜੋ ਕਹਿਣ ਕਥਨ ਤੋਂ ਬਾਹਰਾ ਹੈ। ਅਜਿਹੇ ਨਾਮ-ਰੰਗ-ਤਰੰਗਾਂ ਵਿਚ ਉਹ ਗੁਰਦੇਵ ਦੀ ਹਜ਼ੂਰੀ ਵਿਚ ਸਹਿਜ-ਸਮਾਧੀ ਵਿਚ ਸਥਿਤ ਹੋ ਰਹੇ ਹਨ।

ਗੁਰੂ ਅਰਜਨ ਦੇਵ ਜੀ ਦੀ ਐਸੀ ਅਚਰਜ ਤੇ ਬਿਸਮਾਦੀ ਦਸ਼ਾ ਨੂੰ ਦਰਸ-ਪਰਸ ਕੇ ਭਾਈ ਗੁਰਦਾਸ ਜੀ ਵਾਰਨ ਬਲਿਹਾਰਨ ਜਾ ਰਹੇ ਹਨ। ਸਾਰੀ ਪਉੜੀ ਇਸ ਤਰ੍ਹਾਂ ਬਿਆਨ ਕੀਤੀ ਹੈ -

*ਰਹਿਦੇ ਗੁਰ ਦਰੀਆਉ ਵਿਚਿ,*
*ਮੀਨ ਕੁਲੀਨ ਹੇਤੁ ਨਿਰਬਾਣੀ।*
*ਦਰਸਨੁ ਦੇਖਿ ਪਤੰਗ ਜਿਉ*
*ਜੋਤੀ ਅੰਦਰਿ ਜੋਤਿ ਸਮਾਣੀ॥*
*ਸਬਦੁ ਸੁਰਤਿ ਲਿਵ ਮਿਰਗ ਜਿਉ,*
*ਭੀੜ ਪਈ ਚਿਤਿ ਅਵਰੁ ਨ ਆਣੀ॥*
*ਚਰਨ ਕਵਲ ਮਿਲਿ ਭਵਰ ਜਿਉ,*
*ਸੁਖ ਸੰਪਟ ਵਿਚਿ ਰੈਣਿ ਵਿਹਾਣੀ॥*
*ਗੁਰੁ ਉਪਦੇਸੁ ਨ ਵਿਸਰੈ,*
*ਬਾਬੀਹੇ ਜਿਉ ਆਖ ਵਖਾਣੀ॥*
*ਗੁਰਮੁਖਿ ਸੁਖ ਫਲੁ ਪਿਰਮ ਰਸੁ,*
*ਸਹਜ ਸਮਾਧਿ ਸਾਧ ਸੰਗਿ ਜਾਣੀ।*
*ਗੁਰ ਅਰਜਨ ਵਿਟਹੁ ਕੁਰਬਾਣੀ॥੨੩॥ (ਵਾਰ ੨੪)*

ਭਾਈ ਗੁਰਦਾਸ ਜੀ ੨੬ਵੀਂ ਵਾਰ ਦੀ ੨੭ਵੀਂ ਪਉੜੀ ਵਿਚ ਮੱਛੀ ਤੇ ਪਾਣੀ, ਪਤੰਗੇ ਤੇ ਦੀਪਕ, ਕੰਵਲ ਤੇ ਜਲ, ਭੌਰੇ ਤੇ ਫੁੱਲ, ਪਪੀਹੇ ਤੇ ਸਵਾਂਤੀ ਬੂੰਦ, ਹਿਰਨ ਤੇ ਨਾਦ, ਕੋਇਲ ਤੇ ਅੰਬ, ਮਾਨ ਸਰੋਵਰ ਤੇ ਹੰਸ, ਚਕਵੀ ਤੇ ਸੂਰਜ, ਚੰਦ ਤੇ ਚਕੋਰ ਆਦਿ ਦੀ ਪ੍ਰੀਤੀ ਦੀਆਂ ਉਦਾਹਰਣਾਂ ਦੇ ਕੇ ਗੁਰਸਿੱਖ ਤੇ ਸਤਿਗੁਰੂ ਦੀ ਪ੍ਰੀਤੀ ਦੀਆਂ ਸਿਖਰਾਂ ਨੂੰ ਛੋਹ ਜਾਂਦੇ ਹਨ। ਪਰ ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਆਪਣੇ ਪ੍ਰੀਤਮ ਦੇ ਪ੍ਰੇਮ-ਪਿਆਰ ਦਾ ਚਿਤਰ ਇਉਂ ਖਿਚਦੇ ਹਨ -

*ਮੋਹਿ ਮਛੁਲੀ ਤੁਮ ਨੀਰ, ਤੁਝ ਬਿਨੁ ਕਿਉ ਸਰੈ॥*
*ਮੋਹਿ ਚਾਤ੍ਰਿਕ ਤੁਮ੍ ਬੂੰਦ, ਤ੍ਰਿਪਤਉ ਮੁਖਿ ਪਰੈ॥*
*ਬਿਲਾਵਲੁ ਮ ੫*

ਆਪਣੇ ਪ੍ਰੀਤਮ ਨੂੰ ਸ੍ਵਾਂਤੀ ਬੂੰਦ ਦਰਸਾਂਦੇ ਹੋਏ ਕਰਮਾਂਦੇ ਹਨ ਕਿ ਇਸ ਸ੍ਵਾਂਤੀ ਬੂੰਦ ਤੋਂ ਬਿਨਾਂ ਸ਼ਾਂਤੀ ਜਾਂ ਤ੍ਰਿਪਤੀ ਹੋ ਹੀ ਨਹੀਂ ਸਕਦੀ। ਫਿਰ ਹੋਰ ਵਧੇਰੇ ਇਸ ਤਰ੍ਹਾਂ ਦੀ ਪ੍ਰੀਤ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ -

*ਤੂ ਜਲਨਿਧਿ ਹਮ ਮੀਨ ਤੁਮਾਰੇ॥*
*ਤੇਰਾ ਨਾਮੁ ਬੂੰਦ ਹਮ ਚਾਤ੍ਰਿਕ ਤਿਖਹਾਰੇ॥*
*ਤੁਮਰੀ ਆਸ ਪਿਆਸਾ ਤੁਮਰੀ,*
*ਤੁਮ ਹੀ ਸੰਗਿ ਮਨੁ ਲੀਨਾ ਜੀਉ॥ (ਮਾਝ ਮਹਲਾ ੫)*

ਪਰ ਜਦੋਂ ਇਹ ਪ੍ਰੀਤ ਅਤਿ ਪ੍ਰਬਲ ਹੋ ਜਾਂਦੀ ਹੈ ਅਤੇ ਕਿਵੇਂ ਵੀ ਧੀਰਜ ਨਹੀਂ ਹੁੰਦਾ ਤਾਂ ਫਿਰ ਆਪ ਜੀ ਇਉਂ ਫੁਰਮਾਉਂਦੇ ਹਨ -

*ਬਿਸਰਤ ਨਾਹਿ ਮਨ ਤੇ ਹਰੀ॥*
*ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ, ਆਨ ਬਿਖੈ ਜਰੀ॥*
*ਬੂੰਦ ਕਹਾ ਤਿਆਗਿ ਚਾਤ੍ਰਿਕ, ਮੀਨ ਰਹਤ ਨ ਘਰੀ॥*
*ਗੁਨ ਗੋਪਾਲ ਉਚਾਰੁ ਰਸਨਾ, ਟੇਵ ਏਹ ਪਰੀ॥*
*ਮਹਾ ਨਾਦ ਕੁਰੰਕ ਮੋਹਿਓ, ਬੇਧਿ ਤੀਖਨ ਸਰੀ॥*
*ਪ੍ਰਭ ਚਰਨ ਕਮਲ ਰਸਾਲ, ਨਾਨਕ ਗਾਠਿ ਬਾਧਿ ਧਰੀ।।*
*ਕੇਦਾਰਾ ਮਹਲਾ ੫*

ਇਥੇ ਹੀ ਬਸ ਨਹੀਂ, ਸਗੋਂ ਅੱਗੇ ਜਾ ਕੇ ਕਹਿੰਦੇ ਹਨ ਕਿ ਮੈਨੂੰ ਪ੍ਰਿਆ-ਪ੍ਰੇਮ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਚੰਗਾ ਲਗਦਾ, ਮੋਤੀ ਅਤੇ ਹੀਰੇ ਜਵਾਹਰਾਤ, ਰਾਜ ਭਾਗ ਜਾਂ ਹੁਕਮ ਕੁਝ ਵੀ ਨਹੀਂ ਚਾਹੀਦਾ, ਕੇਵਲ ਪਿਆਰੇ ਸੰਤ-ਪ੍ਰਭੂ ਦੇ ਚਰਨਾਂ ਦੀ ਸ਼ਰਨ ਦੀ ਜਾਚਨਾ ਹੈ, ਬਸ ਸਾਰੇ ਸੁਖ ਤੇ ਸ਼ਾਂਤੀ ਉਥੇ ਹੀ ਹਨ। ਫ਼ੁਰਮਾਨ ਹੈ -

*ਓਹਾ ਪ੍ਰੇਮ ਪਿਰੀ॥੧॥ਰਹਾਉ॥*
*ਕਨਿਕ ਮਾਣਿਕ ਗਜ ਮੋਤੀਅਨ ਲਾਲਨ,*
*ਨਹ ਨਾਹ ਨਹੀ॥੧॥*
*ਰਾਜ ਨ ਭਾਗ ਨ ਹੁਕਮ ਨ ਸਾਦਨ॥*
*ਕਿਛੁ ਕਿਛੁ ਨ ਚਾਹੀ॥੨॥*
*ਚਰਨਨ ਸਰਨਨ ਸੰਤਨ ਬੰਦਨ॥*
*ਸੁਖੋ ਸੁਖੁ ਪਾਹੀ॥*
*ਨਾਨਕ ਤਪਤਿ ਹਰੀ॥*
*ਮਿਲੇ ਪ੍ਰੇਮ ਪਿਰੀ॥੩॥੩॥੧੪੩॥ (ਆਸਾ ਮਹਲਾ ੫)*

ਗੁਰੂ ਪੰਚਮ ਪਾਤਸ਼ਾਹ ਜੀ ਨੇ ਜਿਸ ਤਰ੍ਹਾਂ ਪ੍ਰੀਤ ਦੀਆਂ ਆਖ਼ਰੀ ਮੰਜ਼ਲਾਂ ਦੇ ਰੰਗ ਆਪਣੀ ਬਾਣੀ ਵਿਚ ਦਰਸਾਏ ਹਨ ਨੇ ਉਨ੍ਹਾਂ ਰੰਗਾਂ ਨੂੰ, ਉਨ੍ਹਾਂ ਸੋਨੇ ਦੇ ਮੰਦਰਾਂ ਵਿਚ ਵੀ ਉਸੇ ਤਰ੍ਹਾਂ ਨਾਲ ਨਿਭਾਇਆ ਹੈ ਅਤੇ ਓਵੇਂ ਹੀ ਤਤੀਆਂ ਤਵੀਆਂ ਤੇ ਤਾੜੀਆਂ ਲਾ ਕੇ ਇਸ ਪ੍ਰੀਤ ਨੂੰ ਸਿਰੇ ਚੜ੍ਹਾ ਗਏ ਹਨ -

*ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥*
*ਜੀਵਤ ਸਾਹਿਬੁ ਸੇਵਿਓ ਅਪਨਾ,*
*ਚਲਤੇ ਰਾਖਿਓ ਚੀਤਿ॥੧॥ਰਹਾਉ॥*
*ਜੈਸੀ ਆਗਿਆ ਕੀਨੀ ਠਾਕੁਰਿ,*
*ਤਿਸੁ ਤੇ ਮੁਖੁ ਨਹੀ ਮੋਰਿਓ॥*
*ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ,*
*ਉਠਿ ਉਆਹੂ ਕਉ ਦਉਰਿਓ॥੨॥ (ਮਾਰੂ ਮਹਲਾ ੫)*

ਗੁਰੂ ਪੰਚਮ ਪਾਤਸ਼ਾਹ ਜੀ ਨੇ ਮਨਾਂ ਨੂੰ ਸੁੱਖ ਦੇਣ ਵਾਲੀ 'ਸੁਖਮਨੀ' ਸਾਨੂੰ ਬਖ਼ਸ਼ੀ ਹੈ ਅਤੇ ਉਸ ਦਾ ਸਾਰਾਂਸ਼ ਦਿੱਤਾ ਹੈ -

***ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ***
***ਭਗਤ ਜਨਾ ਕੈ ਮਨਿ ਬਿਸ੍ਰਾਮ॥***

'ਸੁਖਮਨੀ' ਵਿਚ ਜ਼ਿਕਰ ਹੈ ਕਿ ਜਿਸ ਹਿਰਦੇ ਵਿਚ ਸੁਖਾਂ ਦੇ ਸਮੇਂ 'ਨਾਮ' ਦਾ ਵਾਸਾ ਹੋ ਜਾਵੇ, ਉਹ ਪ੍ਰਭੂ ਕਿਰਪਾ ਨਾਲ ਨਿਮਖ ਨਿਮਖ ਉਸ ਥਾਨ ਥਨੰਤਰ ਵਸਦੇ ਪ੍ਰਭੂ ਨੂੰ ਜਪਦਾ ਹੈ ਅਤੇ ਇਉਂ ਜਪਦੇ-ਜਪਦੇ ਉਹ ਐਸੀ ਜੁਗਤ ਵਿਚ ਰੰਗਿਆ ਜਾਂਦਾ ਹੈ ਕਿ -

***ਪ੍ਰਭ ਕੀ ਆਗਿਆ ਆਤਮ ਹਿਤਾਵੈ॥***
***ਜੀਵਨ ਮੁਕਤਿ ਸੋਊ ਕਹਾਵੈ॥***
***ਤੈਸਾ ਹਰਖੁ ਤੈਸਾ ਉਸੁ ਸੋਗ॥***
***ਸਦਾ ਅਨੰਦ ਤਹ ਨਹੀ ਬਿਓਗੁ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***
***ਤੈਸਾ ਮਾਨੁ ਤੈਸਾ ਅਭਿਮਾਨੁ॥***
***ਤੈਸਾ ਰੰਕੁ ਤੈਸਾ ਰਾਜਾਨੁ॥***
***ਜੋ ਵਰਤਾਏ ਸਾਈ ਜੁਗਤਿ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥੭੬॥***

'ਸੁਖਮਨੀ' ਵਿਚ ਦਰਸਾਏ ਇਹ ਰੰਗ ਗੁਰੂ ਅਰਜਨ ਦੇਵ ਜੀ ਦੇ ਜੀਵਨ ਵਿਚ ਪਰਗਟ-ਪਹਾਰੋਂ ਲਸ-ਲਸ ਕਰ ਰਹੇ ਹਨ ਅਤੇ ਛੇਕੜ ਉਨ੍ਹਾਂ ਦੀ ਸ਼ਹੀਦੀ ਅੱਖਾਂ ਸਾਹਮਣੇ ਆ ਕੇ ਇਹ ਫ਼ੁਰਮਾਨ ਉਜਾਗਰ ਕਰ ਜਾਂਦੀ ਹੈ -

***ਧੰਨੁ ਧੰਨੁ ਧੰਨੁ ਜਨੁ ਆਇਆ॥***
***ਜਿਸੁ ਪ੍ਰਸਾਦਿ ਸਭ ਜਗਤੁ ਤਰਾਇਆ॥***
***ਜਨ ਆਵਨ ਕਾ ਇਹੈ ਸੁਆਉ॥***
***ਜਨ ਕੈ ਸੰਗਿ ਚਿਤਿ ਆਵੈ ਨਾਉ॥***
***ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥***
***ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥੩॥੨੩॥***

---

## *(ਪੰਨਾ 11 ਦੀ ਬਾਕੀ)*

ਧਨ, ਅਕਲ ਜਾਂ ਵਿੱਦਿਆ ਮਨੁੱਖਾਂ ਨੂੰ ਪਰਮਾਤਮਾ ਵਲੋਂ ਨਹੀਂ ਪ੍ਰੇਰ ਸਕਦੇ। ਪਰਚਾਰਕ ਦੀ ਤਾਕਤ ਅਤੇ ਖਿੱਚ ਦਾ ਤੱਤ ਹੈ ਉਸ ਦਾ ਆਪਣਾ ਪਵਿੱਤਰ ਜੀਵਨ। ਸ੍ਰੋਤਿਆਂ ਦੇ ਹਿਰਦੇ ਤਕ ਉਹ ਸ਼ਬਦ ਪਹੁੰਚ ਸਕਦੇ ਹਨ, ਜੋ ਕਿਸੇ ਜੀਉਂਦੇ ਹਿਰਦੇ ਵਿਚੋਂ ਨਿਕਲ ਕੇ ਆਏ ਹੋਣ। ਉਹਨਾਂ ਦੀ ਜਮੀਰ ਨੂੰ ਉਹੀ ਲਫਜ਼ ਵਿੱਨ੍ਹ ਸਕਦੇ ਹਨ ਜੋ ਕਿਸੇ ਜਿਉਂਦੀ ਜ਼ਮੀਰ ਵਿਚੋਂ ਨਿਕਲੇ ਹੋਣ। ਜੇ ਪ੍ਰਚਾਰਕ ਸਦਾ ਕਰਤਾਰ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ, ਤਾਂ ਉਸ ਦੇ ਆਪਣੇ ਪਵਿੱਤਰ ਹੋਏ ਹਿਰਦੇ ਦੇ ਭਾਵ ਉਸ ਦੇ ਪ੍ਰਚਾਰ ਵਿਚ ਆ ਜਾਂਦੇ ਹਨ ਅਤੇ ਉਸ ਦਾ ਪਰਚਾਰ ਉਸ ਦੇ ਆਪਣੇ ਹਿਰਦੇ ਤਕ ਭੀ ਪਹੁੰਚਦਾ ਰਹਿੰਦਾ ਹੈ। ਇਸ ਤਰ੍ਹਾਂ ਪਰਮਾਤਮਾ ਦੇ ਨਾਲ ਛੁਹਿਆ ਉਸਦਾ ਹਿਰਦਾ ਸਦਾ ਚੜਦੀ ਕਲਾ ਵਿਚ ਰਹਿੰਦਾ ਹੈ।

ਵਿਦਵਾਨ ਹੋ ਕੇ ਆਪਣੇ ਖਿਆਲਾਂ ਨੂੰ, ਮਨੁੱਖਾਂ ਅੱਗੇ ਪਰਗਟ ਕਰਨ ਦੇ ਸਮਰੱਥ ਬਣਨਾ ਇਕ ਉੱਤਮ ਗੁਣ ਹੈ। ਪਰ ਇਸ ਤੋਂ ਵਧੀਕ ਸੁਭਾਗਤਾ ਇਹ ਹੈ ਕਿ ਆਪਣੇ ਆਪ ਨੂੰ, ਆਪਣੇ ਹਿਰਦੇ ਨੂੰ, ਪਿਆਰ-ਤੇ-ਜਿੰਦਗੀ ਦੇ ਖਜ਼ਾਨੇ ਪਰਮਾਤਮਾ ਅੱਗੇ ਪ੍ਰਗਟ ਕਰੀਏ। ਪਰਮਾਤਮਾ ਪਿਆਰ ਤੇ ਭਲਾਈ ਦਾ ਪੂਰਨ ਸਰੂਪ ਹੈ। ਜਿਵੇਂ ਜਿਉਂ ਮਨੁੱਖ ਦਾ ਹਿਰਦਾ ਖਿੜ ਕੇ ਖੁੱਲ੍ਹ ਕੇ ਉਸ ਨਾਲ ਵਧੇਗਾ, ਉਸ ਦਾ ਪਿਆਰ ਤੇ ਭਲਾਈ ਮਨੁੱਖ ਦੇ ਸਰੀਰ ਵਿਚ ਰਚ ਜਾਣਗੇ ਤੇ ਮਨੁੱਖ ਦੇ ਅੰਦਰ ਪੂਰਨ ਜ਼ਿੰਦਗੀ ਆ ਜਾਏਗੀ। ਪਰਮਾਤਮਾ ਦਾ ਓਸ ਹਿਰਦੇ ਉਤੇ ਪ੍ਰਭਾਵ ਪਿਆਂ ਹਿਰਦੇ ਵਿਚ ਹੋਰ ਪਿਆਰ ਉਪਜਦਾ ਹੈ, ਹੋਰ ਖਿੱਚ ਵਧਦੀ ਹੈ, ਹੋਰ ਤਾਕਤ ਆਉਂਦੀ ਹੈ। ਇਸ ਵਾਧੇ ਦੇ ਕਾਰਨ ਉਹ ਹਿਰਦਾ ਹੋਰ ਪਿੜਦਾ ਹੈ, ਹੋਰ ਖੁੱਲਦਾ ਹੈ ਤੇ ਇਸ ਤਰਾਂ ਵਾਧੇ ਦੀ ਲੜੀ ਬਣੀ ਰਹਿੰਦੀ ਹੈ।

ਧਰਮ ਦਾ ਪ੍ਰਚਾਰ ਕਰਨਾ ਇਕ ਬੜਾ ਔਖਾ ਕੰਮ ਹੈ। ਸਾਹਿਬ ਪੰਚਮ ਪਾਤਿਸ਼ਾਹ ਫੁਰਮਾਂਦੇ ਹਨ -

***ਪ੍ਰਥਮੇ ਮਨੁ ਪਰਬੋਧੇ ਅਪਨਾ, ਪਾਛੈ ਅਵਰ ਰੀਝਾਵੈ॥***
***ਰਾਮ ਨਾਮ ਜਪੁ ਹਿਰਦੈ ਜਾਪੈ, ਮੁਖ ਤੇ ਸਗਲ ਸੁਨਾਵੈ॥੨॥੪॥੪੩॥*** ***ਅੰਗ - ੩੮੧***

ਜਿਸ ਮਨੁੱਖ ਨੇ ਪਰਮਾਤਮਾ ਦਾ ਨਾਮ ਜਪ ਕੇ ਮਾਇਆ ਦੀ ਨੀਂਦ ਵਿਚ ਸੁੱਤੇ ਹੋਏ ਆਪਣੇ ਮਨ ਨੂੰ ਸੁਚੇਤ ਕਰ ਲਿਆ ਹੈ, ਉਸ ਪਾਸੋਂ -

***ਜੋ ਜੋ ਸੁਨੈ ਪੇਖੈ ਲਾਇ ਸਰਧਾ, ਤਾ ਕਾ ਜਨਮ ਮਰਨ ਦੁਖੁ ਭਾਗੈ॥੪॥੪॥੩॥*** ***ਅੰਗ - ੩੮੧***

ਸੁੱਤਾ ਹੋਇਆ ਮਨੁੱਖ ਸੁੱਤਿਆਂ ਨੂੰ ਜਗ੍ਹਾ ਨਹੀਂ ਸਕਦਾ। ਇਸ ਮਾਇਕ, ਨੀਂਦ ਵਿਚ ਸੁੱਤੇ ਹੋਏ ਮਨੁਖ ਦਾ ਪਰਚਾਰ ਇਉਂ ਹੀ ਹੈ, ਜਿਵੇਂ ਕੋਈ ਨੀਂਦ ਵਿਚ ਬਰੜਾ ਰਿਹਾ ਹੋਵੇ। ਧਰਮ ਦੇ ਪਰਚਾਰ ਲਈ ਸਭ ਤੋਂ ਵਡੀ ਲੋੜ ਹੈ, 'ਲਗਨ' ਦੀ, ਗੁਰੂ ਨਾਨਕ ਪਾਤਿਸ਼ਾਹ ਅਤੇ ਉਸ ਦੇ ਭੇਜਣ ਵਾਲੇ ਦਾਤਾਰ-ਪ੍ਰਭੂ ਦੇ ਚਰਨਾਂ ਦੇ ਪਿਆਰ ਤੇ ਖਿੱਚ ਦੀ। ਇਸ ਪਿਆਰ ਤੇ ਖਿੱਚ ਦੀ ਪ੍ਰਾਪਤੀ ਜੀਵਨ ਦੇ ਸਮੇਂ ਗੁਰਬਾਣੀ ਵਿਚੋਂ ਹੀ ਹੋ ਸਕਦੀ ਹੈ।

# ਸ਼ਹੀਦੀ ਗੁਰੂ ਅਰਜਨ ਦੇਵ ਜੀ

*[ਭਾਈ ਗੁਰਦੇਵ ਸਿੰਘ ਗੌਹਰ]*

੧) ਮੀਆਂ ਮੀਰ ਨੂੰ ਕਿਸੇ ਜਾ ਕਹਿਆ, ਕਹਿਰ ਵਰਤਦਾ ਏ ਕੀ ਜਹਾਨ ਉਤੇ।
ਦੋਸ਼ ਫਰਿਸ਼ਤਿਆਂ ਉਤੇ ਜਦ ਲਗ ਰਹੇ ਨੇ, ਮਿਹਰ ਕਰੂਗਾ ਕੌਣ ਇਨਸਾਨ ਉਤੇ।
ਚੌਂਹੀਂ ਪਾਸੀਂ ਸਰੀਰ ਦੇ ਅੱਗ ਬਲਦੀ, ਰੇਤ ਪਵੇ ਮਲੂਕੜੀ ਜਾਨ ਉਤੇ।
ਮਾਰ ਪਵੇ ਰੱਬਾ ਇਨ੍ਹਾਂ ਭੈੜਿਆਂ ਨੂੰ, ਦੋਸ਼ ਲਾਏ ਨੇ ਜਿਹਨਾਂ ਭਗਵਾਨ ਉਤੇ।
ਕਿਹੜੀ ਦੁਨੀਆਂ ਵਿੱਚ ਤੂੰ ਘੁੱਮ ਰਿਹੈਂ, ਕਿੱਥੇ ਗਿਆ ਓਹ ਅੱਜ ਪਿਆਰ ਤੇਰਾ।
ਹੁਣ ਜਾ ਕੇ ਆਪ ਤੂੰ ਖਬਰ ਕਰ ਲੈ, ਤੱਤੀਆਂ ਤਵੀਆਂ ਤੇ ਬੈਠਾ ਏ ਯਾਰ ਤੇਰਾ।
੨) ਸੁਣਦੇ ਸਾਰ ਹੀ ਦਿਲ ਨੂੰ ਧੂ ਪੈ ਗਈ, ਅੱਖਾਂ ਸਾਹਮਣੇ ਹਨ੍ਹੇਰਾ ਛਾ ਗਇਆ।
ਢਿੱਲੇ ਸਾਰੇ ਸਰੀਰ ਦੇ ਅੰਗ ਹੋਏ, ਅੰਗ ਅੰਗ ਸਰੀਰ ਕੁਮਲਾ ਗਇਆ।
ਪੀਲਾ ਬਦਲ ਕੇ ਚਿਹਰੇ ਦਾ ਰੰਗ ਹੋਇਆ, ਸੁੱਕੀ ਕਲੀ ਦੇ ਵਾਂਗ ਮੁਰਝਾ ਗਇਆ।
ਇਹ ਕੀ ਪ੍ਰਮਾਤਮਾ ਸਾਡੇ ਤੇ ਵਖਤ ਪਾਇਆ, ਵੇਲਾ ਕਿਹਾ ਪ੍ਰਮਾਤਮਾ ਆ ਗਇਆ।
ਅੱਖਾਂ ਮੀਟ ਦਾਤਾਰ ਦਾ ਕਰ ਚੇਤਾ, ਕੁਝ ਚਿਰ ਲਈ ਅੰਤਰ ਧਿਆਨ ਹੋ ਗਏ।
ਗਲ ਪਾ ਪੱਲਾ, ਫੜੀ ਹੱਥ ਮਾਲਾ, ਗੁਰੂ ਬਾਬੇ ਵੱਲ ਰਵਾਨ ਹੋ ਗਏ।
੩) ਦੂਰੋਂ ਦੇਖ ਦ੍ਰਿਸ਼ ਨੂੰ ਧਾ ਨਿਕਲੀ, ਨੀਰ ਅੱਖੀਆਂ ਵਿਚੋਂ ਬਹਿਣ ਲੱਗਾ।
ਅੱਖਾਂ ਪਥਰੀਆਂ ਬੰਦ ਜ਼ਬਾਨ ਹੋ ਗਈ, ਵੱਟ ਕਾਲਿਜੇ ਅੰਦਰ ਪੈਣ ਲੱਗਾ।
ਪ੍ਰੇਮ ਡੁੱਲ੍ਹਿਆ ਅੰਦਰੋਂ ਉੜਕਾਂ ਦਾ, ਆ ਚਰਨਾਂ ਉਤੇ ਢੈਣ ਲੱਗਾ।
ਚਰਨ ਪ੍ਰਸਿਆਂ ਕੁੱਝ ਜਾ ਸੁਰਤ ਸੰਭਲੀ, ਇਦਾਂ ਗੁਰੂ ਦਾ ਲਾਡਲਾ ਕਹਿਣ ਲੱਗਾ।
ਦਿਓ ਆਗਿਆ, ਗੁਰੂ ਜੀ ਬਲ ਬਖਸ਼ੋ, ਹੁਣੇ ਧਰਤ ਆਕਾਸ਼ ਹਿਲਾ ਦੇਵਾਂ।
ਜਹਾਂਗੀਰੀ ਤਖ਼ਤ ਨੂੰ ਕਰਾਂ ਉਲਟਾ, ਨਾਲ ਇੱਟ ਦੇ ਇੱਟ ਖੜਕਾ ਦੇਵਾਂ।
੪) ਅਗੋਂ ਹੱਸ ਦਾਤਾਰ ਨੇ ਇਹ ਕਹਿਆ, ਕਿਉਂ ਨਹੀਂ ਆਪਣੇ ਗੁੱਸੇ ਨੂੰ ਮਾਰਦਾ ਤੂੰ।
ਲੱਖਾਂ ਔਕੜਾਂ ਪੈਂਦੀਆਂ ਜਾਨ ਉਤੇ, ਕਿਉਂ ਨਹੀ ਹੱਸ ਕੇ ਇਹ ਸਹਾਰਦਾ ਤੂੰ।
ਜਿਵੇਂ ਉਸ ਭਾਵੇ ਤਿਵੇਂ ਹੋਈ ਜਾਵੇ, ਭਾਣਾ ਮੰਨ ਲੈ ਉਸ ਕਰਤਾਰ ਦਾ ਤੂੰ।
ਤੈਨੂੰ ਪਤਾ ਨਹੀਂ ਇਹ ਸਭ ਕਿਉਂ ਹੋਵੇ, ਪੂਰੀ ਗੱਲ ਨਹੀਂ ਦਿਲੋਂ ਵਿਚਾਰਦਾ ਤੂੰ।
ਚੰਗੇ ਕੰਮ ਲਈ ਕਦੀ ਜੇ ਜਿੰਦ ਲਗੇ, ਫੇਰ ਜਿੰਦ ਦੇ ਨਾਲ ਪਿਆਰ ਕਾਹਦਾ।
ਜਿੰਨਾ ਕਰੋ ਛੇਤੀ ਉਨਾ ਹੋਊ ਛੇਤੀ, ਭਲੇ ਕੰਮ ਦੇ ਲਈ ਇੰਤਜ਼ਾਰ ਕਾਹਦਾ।
੫) ਛਾਲੇ ਪਏ ਨੇ ਦੇਸ਼ ਦੇ ਦਿਲ ਉੱਤੇ, ਅੱਜ ਸਾਰੇ ਹੀ ਓਹ ਮਿਟਾ ਦਿਆਂਗਾ।
ਖੂਨ ਜੰਮਿਆਂ ਪਿਆ ਜਵਾਨੀਆਂ ਦਾ, ਅੱਜ ਸਾਰਾ ਹੀ ਓਹ ਗਰਮਾ ਦਿਆਂਗਾ।
ਕਿਵੇਂ ਸਚਾਈ ਦੀ ਹਰ ਥਾਂ ਜਿੱਤ ਹੁੰਦੀ, ਜਿੰਦਾ ਇਕ ਮਿਸਾਲ ਬਣਾ ਦਿਆਂਗਾ।
ਭੁੱਲੀ ਰਾਹ ਹੈ ਦੁਨੀਆਂ ਸ਼ਾਂਤੀ ਦਾ, ਓਹ ਸ਼ਾਂਤੀ ਰਾਹ ਦਿਖਾ ਦਿਆਂਗਾ।
ਅੱਜ ਸਿੱਖੀ ਦੀ ਇਥੇ ਇੱਟ ਧਰਤੀ, ਪੈਦਾ ਹੋਣਗੇ ਲਖਾਂ ਬਲਵਾਨ ਏਥੇ।
ਹੋਊ ਕਿਸੇ ਦਿਨ ਸਿੱਖਾਂ ਦਾ ਰਾਜ ਏਥੇ, ਝੁੱਲੂ ਕੇਸਰੀ ਕਦੀ ਨਿਸ਼ਾਨ ਏਥੇ।
੬) ਮੀਆਂ ਮੀਰ ਤੂੰ ਫਿਕਰ ਨ ਕਰ ਬਹੁਤਾ, ਜੰਮਿਆ ਕੋਈ ਨਹੀਂ ਸਿੱਖੀ ਮਿਟਾਨ ਵਾਲਾ।
ਦਸਵੇਂ ਜਾਮੇ ਵਿੱਚ ਗੁਰੂ ਗੋਬਿੰਦ ਆਊ, ਬੱਚੇ ਨੀਹਾਂ ਵਿਚ ਚਿਨਵਾਨ ਵਾਲਾ।
ਅੰਮ੍ਰਿਤ ਛਕਾ ਕੇ ਸਿੱਖਾਂ ਨੂੰ ਸ਼ੇਰ ਕਰ ਦੂ, ਗੁਰੂ ਚੇਲਾ ਆਪ ਅਖਵਾਨ ਵਾਲਾ।
ਚੱਪੇ ਚੱਪੇ ਤੇ ਸੂਰਮਾ ਹੋਊ ਪੈਦਾ, ਬਿਨਾਂ ਸੀਸ ਤੋਂ ਖੰਡਾ ਖੜਕਾਣ ਵਾਲਾ।
ਇੰਨੀ ਕਹਿ ਕੇ ਰਾਵੀ ਅਲੋਪ ਹੋ ਗਏ, ਕਹਿੰਦੇ ਆਖਿਰੀ ਇਹ ਦੀਦਾਰ ਸਿੱਖੋ।
'ਗੌਹਰ' ਪੂਜਿਓ ਗੁਰੂ ਗ੍ਰੰਥ ਤਾਈਂ, ਕਰਿਓ ਬਾਣੀ ਦੇ ਨਾਲ ਪਿਆਰ ਸਿੱਖੋ।

# ਗੁਰੂ ਅਰਜਨ ਦੇਵ ਜੀ - ਮੀਆਂ ਮੀਰ ਨੂੰ

*[ਭਾਈ ਦਾਨ ਸਿੰਘ ਜੀ ਕੋਮਲ]*

ਮੀਆਂ ਮੀਰ! ਮੇਰਿਆ ਯਾਰਾ!
ਕਿਉਂ ਗ਼ਮਗੀਨ ਤੂੰ ਹੋਇਆ ਏਂ।
ਚਿਹਰਾ ਤੇਰਾ ਦੱਸ ਰਿਹਾ ਏ,
ਹੁਣੇ ਤੂੰ ਰੋਇਆ ਏਂ।

ਅੱਗ 'ਚ ਬੈਠਾ ਵੇਖ ਕੇ ਮੈਨੂੰ,
ਦੁੱਖ ਤੂੰ ਮੇਰਾ ਜਰ ਨਹੀਂ ਸਕਿਆ।
ਦੁਨੀਆ ਕੋਲੋਂ ਉੱਚਾ ਹੋ ਕੇ,
ਦਿਲ ਨੂੰ ਕਾਬੂ ਕਰ ਨਹੀਂ ਸਕਿਆ।

ਏਡਾ ਵੱਡਾ ਪੀਰ ਤੂੰ ਹੋ ਕੇ,
ਰੱਖੀ ਦਿਲ ਵਿਚ ਧੀਰ ਨਹੀਂ ਏਂ।
ਦੱਸ ਖਾਂ ਮੈਨੂੰ, ਕੀ ਤੂੰ ਓਹੋ,
ਸਾਈਂ ਮੀਆਂ ਮੀਰ ਨਹੀਂ ਏਂ?

ਦੁਨੀਆਦਾਰ ਨੂੰ ਦੁੱਖ ਹੁੰਦੇ ਨੇ,
ਫ਼ਿਕਰ ਨਾ ਕਦੇ ਫ਼ਕੀਰ ਨੂੰ ਹੁੰਦਾ।
ਰੱਬ ਦੇ ਨਾਲ ਪ੍ਰੀਤੀ ਜਿਸ ਦੀ,
ਦੁਖ ਨਹੀਂ ਉਦੇ ਸਰੀਰ ਨੂੰ ਹੁੰਦਾ।

ਦੁੱਖ ਤਾਂ ਆਂਦੇ ਜਾਂਦੇ ਰਹਿੰਦੇ,
ਦੁਖੜੇ ਜਿਸਮ ਦੇ ਕਪੜੇ ਨੇ।
ਜਿਸਮ ਨਾਲ ਇਹ ਖ਼ਤਮ ਨੇ ਹੁੰਦੇ,
ਰੂਹ ਨੂੰ ਕਦੇ ਨਾ ਅਪੜੇ ਨੇ।

ਹਰਖ ਸੋਗ ਤੇ ਦੁਖ ਸੁਖ, ਸਾਰੇ,
ਤਨ ਤੀਕਰ ਨੇ ਸੀਮਤ ਮਿੱਤਰਾ!
ਉੱਚੀ ਸੁੱਚੀ ਰੂਹ ਦੇ ਅੱਗੇ,
ਇਹਨਾਂ ਦੀ ਨਹੀਂ ਕੀਮਤ ਮਿੱਤਰਾ!

ਤੇਰੀ ਸ਼ਕਤੀ ਦਾ ਮੈਂ ਭੇਤੀ,
ਠੀਕ ਤੂੰ ਕਹਿਰ ਲਿਆ ਸਕਨੈਂ।
ਦਿੱਲੀ ਅਤੇ ਲਾਹੌਰ ਦੋਹਾਂ ਨੂੰ,
ਚਾਵ੍ਹੇਂ ਤਾਂ ਟਕਰਾ ਸਕਨੈਂ।

ਪਰ ਐ ਦੋਸਤ! ਏਥੇ ਕੋਈ,
ਕਰਾਮਾਤ ਨਾ ਕਰਨੀ ਏਂ।
ਕਿਉਂਕਿ ਅਗਨੀ ਜ਼ੁਲਮ ਸਿਤਮ ਦੀ
ਸ਼ਾਂਤੀ ਨਾਲ ਮੈਂ ਜਰਨੀ ਏਂ!

ਮੈਨੂੰ ਮਾਣ ਕਿ ਜੱਗ ਵਿਚ ਮੇਰਾ,
ਤੇਰੇ ਵਰਗਾ ਮਿੱਤਰ ਹੈ।
(ਪਰ) ਮੈਂ ਕੰਮ ਜੋ ਕਰਦਾ ਪਿਆ ਵਾਂ,
ਕੰਮ ਇਹ ਬੜਾ ਪਵਿੱਤਰ ਹੈ।

ਪਰ-ਉਪਕਾਰ ਕਦੇ ਨਹੀਂ ਹੁੰਦਾ,
ਕੁਰਬਾਨੀ ਦੇ ਯੱਗ ਬਿਨਾਂ।
ਯੱਗ ਨਹੀਂ ਹੁੰਦਾ, ਹਵਨ ਬਿਨਾਂ,
ਤੇ ਹਵਨ ਨਹੀਂ ਹੁੰਦਾ ਅੱਗ ਬਿਨਾਂ।

ਅੱਗ ਬਿਨ ਭੋਜਨ ਪੱਕ ਨਹੀਂ ਸਕਦਾ,
ਅੱਗ ਜ਼ਿੰਦਗੀ ਦਾ ਤੱਤ ਹੈ।
ਅੱਗ ਪਵਿਤਰ ਮੰਨੀ ਹੋਈ ਏ,
ਅਗਨੀ ਬੜੀ ਮਹੱਤ੍ਵ ਹੈ।

ਕਾਮ, ਕ੍ਰੋਧ, ਲੋਭ, ਮੋਹ, ਹਉਮੈ,
ਇਹ ਨਦੀਆਂ ਨੇ ਅੱਗ ਦੀਆਂ।
ਅੰਦਰੋਂ ਨੇ ਜੋ ਸਾੜਦੀਆਂ,
ਤੇ ਬਾਹਰੋਂ ਠੰਢੀਆਂ ਲੱਗਦੀਆਂ।

ਇਹਨਾਂ ਪੰਜਾਂ ਅੱਗਾਂ ਅੰਦਰ,
ਸੜਦਾ ਕੁੱਲ ਸੰਸਾਰ ਪਿਐ।
ਪਰ ਮੇਰਾ ਦਿਲ ਅਗਨੀ ਅੰਦਰ,
ਜਗਤ-ਜਲੰਦਾ ਠਾਰ ਰਿਹੈ।

ਹਵਨ-ਯੱਗ ਵਿਚ ਮੈਂ ਆਹੂਤੀ,
ਦੇ ਰਿਹਾ ਹਾਂ, ਤਨ ਫ਼ਾਨੀ ਦੀ।
ਸਿੱਖ ਧਰਮ ਵਿਚ ਧਰਦਾ ਪਿਆਂ ਮੈਂ,
ਨੀਂਹ ਨਵੀਂ ਕੁਰਬਾਨੀ ਦੀ।

ਤੱਤੀ ਤਵੀ ਦੀ ਤਪਸ਼ ਇਹ ਤੱਤੀ,
ਵੇਖਣ ਨੂੰ ਸੰਗੀਨ ਏ ਲਗਦੀ।
ਐਪਰ ਪ੍ਰਭੂ ਦੇ ਭਾਣੇ ਅੰਦਰ,
ਮੈਨੂੰ ਬੜੀ ਰੰਗੀਨ ਏ ਲਗਦੀ।

ਲੋਹ ਜਾਪਦੀ ਗੋਦ ਪ੍ਰਭੂ ਦੀ,
ਮਸਤੀ ਅੰਦਰ ਬੈਠਾ ਮੈਂ।
ਜਿਸ ਘਰ ਦੀ ਤੂੰ ਨੀਂਹ ਧਰੀ ਸੀ,
ਉਸ ਹਰਿਮੰਦਰ ਬੈਠਾ ਮੈਂ।

ਮੇਰੇ ਮਨ ਵਿਚ ਠੰਢਕ ਏਨੀ,
ਬਰਫ਼ ਦੇ ਘਰ ਵਿਚ ਬੈਠਾ ਹਾਂ।
ਲਗਦਾ ਏ ਮੈਂ ਅੰਮ੍ਰਿਤਸਰ ਦੇ,
ਸੀਤਲ-ਸਰ ਵਿਚ ਬੈਠਾ ਹਾਂ।

ਅੱਗ ਤੇ ਇਸ਼ਕ ਦੀ ਖੇਡ ਪੁਰਾਣੀ,
ਅੱਜ ਮੈਂ ਕਰਨੀ ਪੂਰੀ ਹੈ।
ਕਿਉਂਕਿ ਮੇਰੇ ਮਨ ਦੇ ਅੰਦਰ,
ਭਰਿਆ ਸਿਦਕ ਸਬੂਰੀ ਹੈ।

ਸਿਮਰਨ ਨਾਲ ਆਤਮਾ ਮੇਰੀ,
ਸ਼ਕਤੀ-ਸ਼ਾਲੀ ਹੋਈ ਏ।
ਤਦੇ ਅੱਗ ਮੈਂ ਸੜਦੇ ਜੱਗ ਦੀ,
ਆਪਣੇ ਵਿਚ ਸਮੋਈ ਏ।

ਠੰਢ ਤੇ ਸ਼ਾਂਤੀ ਮਿਲੇ ਜਗਤ ਨੂੰ,
ਦਿਲ ਕਰਦਾ ਉਪਕਾਰ ਪਿਐ।
ਮੈਨੂੰ ਵੀ ਬੱਸ ਓਹੋ ਭਾਵੇ,
ਜੋ ਕਰਦਾ ਕਰਤਾਰ ਪਿਐ।

ਮੇਰੇ ਦੋਸਤ ਯਾਦ ਹੈ ਤੈਨੂੰ?
ਪੁਛਿਆ ਸੀ ਤੂੰ ਇਕ ਦਿਨ ਮੈਨੂੰ।
ਬਾਣੀ ਦੀ ਇਕ ਤੁਕ ਦੀ ਜਦ ਕਿ,
ਸਮਝ ਨਹੀਂ ਸੀ ਆਈ ਤੈਨੂੰ।

ਉਸ ਵੇਲੇ ਮੈਂ ਕਿਹਾ ਸੀ ਤੈਨੂੰ,
ਸਮਾਂ ਅਜਿਹਾ ਆਵੇਗਾ।
ਜਦ ਇਸ ਤੁਕ ਦਾ ਮਤਲਬ ਤੈਨੂੰ,
ਸਾਫ ਸਮਝ ਲਗ ਜਾਵੇਗਾ।

ਅੱਜ ਉਹ ਸਮਾਂ ਹੈ ਆਇਆ ਸੱਜਣਾ,
ਅਰਥ ਉਸ ਤੁਕ ਦੇ ਸਿੱਖ ਲੈ ਤੂੰ।
ਉਹ ਤੁਕ ਫੇਰ ਦੁਹਰਾਉਂਦਾ ਹਾਂ ਮੈਂ,
ਦਿਲ ਦੇ ਉਪਰ ਲਿਖ ਲੈ ਤੂੰ।

ਸੂਹੀ ਰਾਗ 'ਚ ਚੌਥੇ ਸਤਿਗੁਰ,
ਇਹ ਤੁਕ ਹੈਸੀ ਇੰਜ ਫੁਰਮਾਈ:
"ਤਨੁ-ਮਨੁ ਕਾਟਿ ਕਾਟਿ ਸਭੁ ਅਰਪੀ,
ਵਿਚਿ ਅਗਨੀ ਆਪੁ ਜਲਾਈ।

ਏਸ ਵਾਕ ਦਾ ਅਰਥ ਵੇਖ ਲੈ,
ਪਿਆ ਅਜੱਰ ਮੈਂ ਜਰਦਾ ਹਾਂ।
ਤਨ ਮਨ ਆਪਣਾ ਕੱਟ ਕੱਟ ਕੇ,
ਆਪਾ ਅਰਪਣ ਕਰਦਾ ਹਾਂ।

ਕਰ ਕੇ ਅਮਲ ਮੈਂ ਦੇਹ ਆਪਣੀ 'ਤੇ,
ਦੱਸਿਆ ਭੇਤ ਇਲਾਹੀ ਹੈ।
ਗੁਰਬਾਣੀ ਦਿਆਂ ਸ਼ਬਦਾਂ ਵਿਚ,
ਹਕੀਕਤ ਹੈ, ਸੱਚਾਈ ਹੈ।

ਮੇਰੇ ਵਾਂਗੂੰ 'ਕੋਮਲ' ਬਣ ਕੇ,
ਨਾਲ ਖ਼ੁਦਾ ਦੇ ਜੁੜ ਜਾ ਸਾਈਆਂ!
ਮੰਨ ਕੇ ਓਸ ਸਾਹਿਬ ਦਾ ਭਾਣਾ,
ਹੱਸਦਾ ਹੱਸਦਾ ਮੁੜ ਜਾ ਸਾਈਆਂ!

---

# ਨਿੰਦਾ

ਨਿੰਦਕ ਮਿਲੇ ਨਿੰਦਕਾਂ, ਮਿਲ ਨਿੰਦ ਖਜਾਨਾ ਖੋਲਿਆ।
ਕਰ ਆਪਣਾ ਹਿਰਦਾ ਹੌਲਿਆ, ਜੋ ਮੂੰਹ ਆਇਆ ਬੋਲਿਆ।
ਸੱਚ ਝੂਠ ਨਾ ਪਰਖਿਆ, ਨਾ ਅੱਖਰ ਹਿਰਦੇ ਤੋਲਿਆ।
ਮਜੇ ਮਜੇ ਵਿੱਚ ਪੀ ਗਿਆ, ਬਿਖ ਰਸ ਨਿੰਦਾ ਮਦ ਘੋਲਿਆ।
ਦੋ ਘੜੀਆਂ ਦੀ ਚੁਸਕੀ ਖਾਤਰ, ਅਗਲਾ ਬੰਦਾ ਰੋਲਿਆ।
ਝਾਤੀ ਮਾਰੀ ਬਾਹਰ ਬਾਹਰ, ਨਾ ਮੰਜਾ ਹੇਠ ਫਰੋਲਿਆ।
ਆਪਣੇ ਚਿੱਤ ਮੈਂ ਬਹੁਤ ਸਿਆਣਾ, ਪਾਪ ਲੀਤਾ ਮੂਲ ਮੋਲਿਆ।
ਆਪਣੀ ਚਾਦਰ ਮੈਲੀ ਕਰਕੇ, ਪਰ ਕਾ ਕੱਪੜਾ ਧੋਲਿਆ।
"ਨਿੰਦਾ ਭਲੀ ਕਿਸੈ ਕੀ ਨਾਹੀ", ਸੱਚੇ ਸਤਗੁਰ ਬੋਲਿਆ।
ਨਿੰਦਕ ਸੰਗਤ ਇਓਂ ਜਾਣੋ, ਜਿਓਂ ਨਾਵ ਸਮੁੰਦਰ ਡੋਲਿਆ।
ਰਾਖਣਹਾਰੇ ਸਤਗੁਰੂ,
ਇਕ ਬਿਨੋ ਸੁਣੋ ਮੈਂ ਬੋਲਿਆ।
ਨਿੰਦ ਸਾਗਰ ਤੇ ਕਢ ਲਵੋ, ਮੋਹਿ ਕੱਖੋਂ ਕਰਕੇ ਹੌਲਿਆ।
ਮਤਵਾਲਾ ਨਿੱਕਾ ਮੰਗਤਾ, ਨਾ ਹੋਵਾਂ ਮੈ ਨਿੰਦੋਲਿਆ।

ਭੁਪਿੰਦਰ ਸਿੰਘ
੨੨੨੫, ਸੈਕਟਰ - ੪੪, ਚੰਡੀਗੜ੍ਹ

# ਗੁਰ ਅਰਜਨ ਵਿਟਹੁੰ ਕੁਰਬਾਨੀ

*[ਭਾਈ ਨਰੈਣ ਸਿੰਘ ਜੀ]*

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ ਕਿ ਨਿਮ੍ਰਤਾ ਤੇ ਗਰੀਬੀ ਜ਼ਾਲਮ ਤੇ ਜ਼ੁਲਮ ਨੂੰ ਨਾਸ ਕਰ ਦੇਣ ਦੀ ਸਮਰੱਥਾ ਰੱਖਦੇ ਹਨ। ਆਪ ਨੇ ਕਥਿਆ ਹੈ -

*ਗਰੀਬੀ ਗਦਾ ਹਮਾਰੀ॥ ਖੰਨਾ, ਸਗਲ ਰੇਨੁ ਛਾਰੀ॥*
*ਇਸੁ ਆਗੈ ਕੋ ਨ ਟਿਕੈ ਵੇਕਾਰੀ॥ ਗੁਰ ਪੂਰੇ ਏਹ ਗਲ ਸਾਰੀ॥੧॥* *ਅੰਗ - ੬੨੮*

ਆਪ ਦੀ ਸੀਤਲਤਾ, ਧੀਰਜ ਤੇ ਅਡੋਲਤਾ ਦੇ ਪਿੱਛੇ ਇਕ ਸੱਤਿਆ ਹੈ, ਇਕ ਭਰੋਸਾ ਹੈ, ਜੋ ਵੱਡੀ ਤੋਂ ਵਡੀ ਮੁਸੀਬਤ ਤੇ ਖ਼ਤਰੇ ਵਿਚ ਭੀ ਆਪ ਦੇ ਮਨ ਨੂੰ ਡਿਗਣ ਨਹੀਂ ਦਿੰਦਾ। ਆਪ ਦੇ ਮਨ ਦੇ ਅੰਦਰ ਐਸੀ ਸਦੀਵੀ ਠੰਡਕ ਤੇ ਖੇੜਾ ਹੈ ਕਿ ਉੱਥੇ ਢਹਿੰਦੀ ਕਲਾ ਵਿਆਪ ਹੀ ਨਹੀਂ ਸਕਦੀ, ਨਾ ਹੀ ਚੇਹਰੇ ਤੇ ਕੋਈ ਮਲਾਲ ਆ ਸਕਦਾ ਹੈ। ਇਸ ਅਡੋਲਤਾ ਦਾ ਕਾਰਨ ਆਪ ਦੀ ਬਾਣੀ ਸਪਸ਼ਟ ਕਰਦੀ ਹੈ -

*ਲਗੜੀ ਸੁਥਾਨਿ ਜੋੜਣਹਾਰੈ ਜੋੜੀਆ॥*
*ਨਾਨਕ ਲਹਰੀ ਲਖ ਸੈ ਆਨ ਡੁਬਣ ਦੇਇ ਨ ਮਾ ਪਿਰੀ॥੧॥*
*ਬਨ ਭੀਹਾਵਲੈ ਹਿਕੁ ਸਾਥੀ ਲਧਮੁ ਦੁਖ ਹਰਤਾ ਹਰਿ ਨਾਮਾ॥*
*ਬਲਿ ਬਲਿ ਜਾਈ ਸੰਤ ਪਿਆਰੇ ਨਾਨਕ ਪੂਰਨ ਕਾਮਾਂ॥੨॥੭॥* *ਅੰਗ - ੫੧੯*

ਆਪ ਬਾਹਰਮੁਖੀ ਦੁਖ ਨੂੰ ਸੁਖ ਕਰਕੇ ਸਮਝਦੇ ਹਨ, ਕਿਉਂਕਿ ਆਪ ਦੇ ਅੰਦਰ ਸ਼ਾਂਤੀ ਤੇ ਸੁਖ ਹੈ। ਆਪ ਦਾ ਕਥਨ ਹੈ -

*ਘਰ ਮਹਿ ਸੂਖ ਬਾਹਰਿ ਫੁਨਿ ਸੂਖਾ॥*
*ਹਰਿ ਸਿਮਰਤ ਸਗਲ ਬਿਨਾਸੇ ਦੂਖਾ॥੧॥*
*ਅੰਗ - ੩੮੫*

ਆਪ ਦੇ ਅਜਿਹੇ ਕਥਨ ਆਮ ਮਨੁਖੀ ਸੂਝ ਤੋਂ ਉਚੇਰੇ ਹਨ। ਇਹ ਅਧਿਆਤਮਕ ਰੰਗ ਵਿਚ ਰੰਗੇ ਉਹ ਆਦਰਸ਼ਕ ਨੁਕਤੇ ਹਨ, ਜਿਨ੍ਹਾਂ ਨੂੰ ਇਸ ਰਾਹੇ ਤੁਰੇ ਮਨੁਖ ਹੀ ਅਨੁਭਵ ਕਰ ਸਕਦੇ ਹਨ। ਆਪ ਦੀ ਸੁਹਿਰਦਤਾ, ਕੋਮਲਤਾ ਤੇ ਨਿਰਮਾਣਤਾ, ਆਪ ਦਾ ਸਦੀਵਕਾਲ ਪ੍ਰਭੂ-ਪ੍ਰਾਇਣ-ਹੋਇ-ਰਹਿਣ ਉਤੇ ਸਿਦਕ, ਆਪ ਦੇ ਮਨ ਦਾ ਟਿਕਾਓ ਤੇ ਅਡੋਲਤਾ ਅਤੇ ਆਪ ਦੇ ਅੰਦਰ ਅਜਰ ਨੂੰ ਜਰਨ ਦੀ ਸ਼ਕਤੀ ਇਤਨੇ ਪ੍ਰਭਾਵ-ਪੂਰਤ ਹਨ ਕਿ ਮਨੁਖ ਦੀ ਅਕਲ ਚਕਰਿਤ ਰਹਿ ਜਾਂਦੀ ਹੈ। ਇਹ ਤਾਂ ਉਹ ਹੀ ਜਾਣਦੇ ਹਨ ਕਿ ਇਸ ਦੀ ਤਹਿ ਵਿਚ ਕੀ ਸੀ, ਪਰੰਤੂ ਜਿੱਥੇ ਤਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਪਣੇ ਕਥਨ ਸਾਖੀ ਹਨ, ਇਹ ਆਪ ਦੇ ਰੋਮ-ਰੋਮ ਅੰਦਰ ਵਸ ਚੁੱਕੀ ਪ੍ਰਭੂ-ਪਿਆਰ ਦੀ ਡੂੰਘੀ ਲਗਨ ਸੀ, ਜਿਸ ਨੇ ਆਪ ਦੇ ਅਤੇ ਪ੍ਰਭੂ ਦੇ ਵਿਚਾਲੇ ਇਸਦੀ ਭਿੰਨਤਾ ਨੂੰ ਖ਼ਤਮ ਕਰ ਦਿੱਤਾ ਹੋਇਆ ਸੀ। ਇਸੇ ਤੋਂ ਪ੍ਰਭਾਵਤ ਹੋ ਕੇ ਮਥੁਰਾ ਭੱਟ ਨੇ ਕਿਹਾ ਸੀ -

*ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਹ ਹਰਿ॥੭॥* *ਅੰਗ - ੧੪੦੯*

ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਪਿਆਰ-ਜ਼ਜ਼ਬੇ ਦੇ ਵੇਗ ਵਿਚ ਹੀ ਇਹ ਪੁੱਛ ਰਹੇ ਹਨ -

*ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥*
*ਅੰਗ - ੧੩੩*

ਆਪ ਜੀ ਨੂੰ ਪ੍ਰੀਤਮ-ਪ੍ਰਭੂ ਜੀ ਦਾ ਵਿਛੋੜਾ ਜੰਬੂਰਾਂ ਦੀ ਪੀੜਾ ਤੋਂ ਭੀ ਵਧੇਰੇ ਦੁਖਦਾਈ ਪ੍ਰਤੀਤ ਹੁੰਦਾ ਹੈ -

*ਵਿਛੋਹੇ ਜੰਬੂਰ ਖਵੇ ਨ ਵੰਞਨਿ ਗਾਖੜੇ॥*
*ਜੇ ਸੋ ਧਣੀ ਮਿਲੰਨਿ ਨਾਨਕ ਸੁਖ ਸੰਬੂਹ ਸਚੁ॥੧॥੧੧॥*
*ਅੰਗ - ੫੨੦*

ਵਿਛੋੜੇ ਦੀ ਸਰੋਦ ਹੀ ਅਤਿ ਦੁਖਦਾਈ ਹੈ -

*ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ॥*
*ਬਾਝੁ ਪਿਆਰੇ ਆਪਣੇ ਬਿਰਹੀ ਨ ਧੀਰੋਦਿ॥੩॥*
*ਅੰਗ - ੧੧੦੦*

ਅਤੇ -

*ਨਾਨਕ ਜਿਸੁ ਬਿਨੁ ਘੜੀ ਨ ਜੀਵਣਾ ਵਿਸਰੇ ਸਰੈ ਨ ਬਿੰਦ॥*
*ਤਿਸੁ ਸਿਉ ਕਿਉ ਮਨ ਰੂਸੀਐ ਜਿਸਹਿ ਹਮਾਰੀ ਚਿੰਦ॥੨॥੧੦॥ ਅੰਗ - ੧੦੯੨*

ਸ੍ਰੀ ਗੁਰੂ ਅਰਜਨ ਦੇਵ ਜੀ ਕੋਮਲ ਭਾਵੀ ਦਿਲ ਵਾਲੇ, ਬਹੁਤ ਠੰਢੇ, ਨਿਰਛਲ ਅਤੇ ਪਰਾਈ ਪੀੜਾ ਦਾ ਦਰਦ ਰੱਖਣ ਵਾਲੇ ਹਨ। ਅੰਦਰ ਦੀ ਸੀਤਲਤਾ ਸਦਕਾ ਉਨ੍ਹਾਂ ਦੀ ਸਹਿਣ-ਸ਼ਕਤੀ ਇਤਨੀ ਬਲਵਾਨ ਹੈ ਕਿ ਉਨ੍ਹਾਂ ਨੂੰ ਕਿਸੇ ਪਰਕਾਰ ਦੀ ਸਰੀਰਕ ਜਾਂ ਮਨ ਨੂੰ ਵਾਪਰਨ ਵਾਲੀ ਪੀੜਾ ਪੋਹ ਨਹੀਂ ਸਕਦੀ, ਸਿਦਕ ਤੋਂ ਡੁਲਾ ਨਹੀਂ ਸਕਦੀ ਅਤੇ ਨਾ ਹੀ ਇਸ ਪੀੜਾ ਦੇ ਹਰਨ ਲਈ ਉਹ ਵਿਰੋਧੀ ਦਾ ਬੁਰਾ ਮੰਗਦੇ ਹਨ।

## ਗੁਰੂ ਅਰਜਨ ਸਹਿਜ ਮੂਰਤ

ਇਸ ਵਿਚਾਰ ਦਾ ਅਮਲੀ ਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਨਿਜੀ ਜੀਵਨ ਹੈ। ਆਪ ਜੀ ਦਾ ਜੀਵਨ ਆਦਿ ਤੋਂ ਅੰਤ ਤਕ, ਆਪ ਦੀ ਅਦੁੱਤੀ ਰਚਨਾ-ਗੁਰੂ ਬਾਣੀ-ਦਾ ਹੀ ਪ੍ਰਤਿਬਿੰਬ ਹੈ। ਜੋ ਵਿਚਾਰ ਆਪ ਜੀ ਦੀ ਬਾਣੀ ਅੰਦਰੋਂ ਸਾਨੂੰ ਮਿਲਦੇ ਹਨ, ਓਹੋ ਆਪ ਦੇ ਜੀਵਨ ਵਿਚ ਮੂਰਤੀਮਾਨ ਹੋਏ ਦਿਸਦੇ ਹਨ।

ਆਪ ਦਾ ਸਾਰਾ ਜੀਵਨ ਬਹੁਤ ਵਡੀ ਘਾਲਨਾ ਵਾਲਾ ਜੀਵਨ ਸੀ। ਆਪ ਕੇਵਲ ਪੰਝੀ ਸਾਲ ਗੁਰ-ਗੱਦੀ ਤੇ ਰਹੇ, ਪਰ ਇਤਨੇ ਸਮੇਂ ਅੰਦਰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ, ਤਰਨ ਤਾਰਨ ਸਾਹਿਬ ਮੰਦਰ ਤੇ ਸਰੋਵਰ, ਕਰਤਾਰਪੁਰ, ਸ੍ਰੀ ਹਰਿਗੋਬਿੰਦਪੁਰ ਦੀ ਕਾਇਮੀ ਅਤੇ ਏਨ੍ਹੀਂ ਥਾਈਂ ਵਪਾਰਕ ਕੇਂਦਰਾਂ ਦੀ ਸਥਾਪਤੀ, ਸ੍ਰੀ ਗੁਰੂ ਗ੍ਰੰਥ ਜੀ ਮਹਾਨ ਗ੍ਰੰਥ ਦਾ ਸੰਪਾਦਨ, ੨੨੫੩ ਸ਼ਬਦਾਂ ਅਤੇ ਸੁਖਮਨੀ ਸਾਹਿਬ ਆਦਿਕ ਚਾਰ ਲੰਮੀਆਂ ਬਾਣੀਆਂ ਦੀ ਰਚਨਾ, ਥਾਂ ਪਰ ਥਾਂ ਗੁਰਮਤਿ-ਪਰਚਾਰ ਦੇ ਕੇਂਦਰਾਂ ਦੀ ਸਥਾਪਤੀ, ਇਤਨੇ ਵੱਡੇ ਤੇ ਮਹਾਨ ਕਾਰਜ ਹਨ, ਜੋ ਮਨੁੱਖੀ ਅਕਲ ਦੀ ਸਮਝ ਤੋਂ ਪਰੇ ਹਨ।

## ਸ੍ਰੀ ਹਰਿਮੰਦਰ ਸਾਹਿਬ

ਸਮਾਜ ਨੂੰ ਕੇਂਦਰਤ ਕਰਨ ਲਈ ਅਜਿਹੇ ਸਥਾਨ ਦੀ ਲੋੜ ਸੀ, ਜਿਥੋਂ ਇਹ ਸਦੀਵਕਾਲ ਰੌਸ਼ਨੀ ਪ੍ਰਾਪਤ ਕਰਦਾ ਰਹੇ, ਜਿਥੇ ਵਰਸਦਾ ਨੂਰ ਸਾਰੀ ਮਨੁੱਖਤਾ ਨੂੰ ਅਬਦੀ ਸ਼ਾਂਤੀ, ਸੁਖ ਤੇ ਪਿਆਰ ਦੀਆਂ ਕਿਰਨਾਂ ਨਾਲ ਰੁਸ਼ਨਾਂਦਾ ਰਹੇ ਅਤੇ ਜਿਥੇ ਝਿੰਮ ਝਿੰਮ ਵਰਸਦੀ ਅੰਮ੍ਰਿਤ-ਧਾਰਾ ਇਸ ਤ੍ਰਿਸ਼ਨਾਮਈ ਸੰਸਾਰ ਦੇ ਜੀਵਾਂ ਅੰਦਰ ਲਟ ਲਟ ਮਚਦੀ ਲੋਭ ਤੇ ਹੰਗਤਾ ਦੀ ਅਗਨੀ ਨੂੰ ਸ਼ੀਤ ਕਰਦੀ ਰਹੇ। ਇਸ ਦੇ ਲਈ ਸਤਿਗੁਰੂ ਅਰਜਨ ਦੇਵ ਜੀ ਨੇ 'ਰਾਮ ਦਾਸ ਸਰੋਵਰ' ਦੇ ਮੱਧ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਸੁੰਦਰ ਰਚਨਾ ਕੀਤੀ, ਜਿਸ ਦਾ ਨੀਂਹ-ਪੱਥਰ ਮੁਸਲਮਾਨ ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ ਦੇ ਹੱਥੋਂ ਰਖਵਾ ਕੇ 'ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ' ਦਾ ਅਮਲੀ ਸਬੂਤ ਦਿੱਤਾ। ਅਤੇ ਇਸ ਪਾਵਨ ਹਰਿਮੰਦਰ ਸਾਹਿਬ ਤੋਂ ਇਲਾਹੀ ਨਾਦ ਅਥਵਾ ਹਰੀ ਕੀਰਤਨ ਦੀ ਧੁਨਿ ਦੇ ਸਦਾ ਉਦੇ ਰਹਿਣ ਦੀ ਤਾਕੀਦ ਕੀਤੀ, ਜੋ ਤਿੰਨ ਸੌ ਸਾਲ ਤੋਂ ਨਿਰੰਤਰ ਉਸੇ ਤਰ੍ਹਾਂ ਉਠਦੀ ਚਲੀ ਆ ਰਹੀ ਹੈ, ਜਿਸ ਧੁਨਿ ਅੰਦਰ ਵਿਘਨ ਪਾਉਣ ਦਾ ਜਦੋਂ ਗੁਰੂ-ਦੋਖੀਆਂ ਵਲੋਂ ਕੋਈ ਵੀ ਜਤਨ ਹੋਇਆ, ਤਾਂ ਗੁਰੂ ਸਿਦਕੀਆਂ ਨੇ ਜਾਨਾਂ ਹੂਲ ਕੇ ਇਸ ਨੂੰ ਮੁੜ ਬਹਾਲ ਕੀਤਾ।

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਹੋਰ ਮਜ਼ਹਬਾਂ ਅਤੇ ਦੇਸ਼ਾਂ ਦੇ ਧਰਮ-ਮੰਦਰਾਂ ਨਾਲੋਂ ਵਿਸ਼ੇਸ਼ ਵਿਲੱਖਣਤਾ ਹੈ। ਸ਼ਾਇਦ ਇਹੋ ਕਾਰਨ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਇਸ ਬਾਰੇ 'ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥' (੧੩੬੨) ਕਹਿਣ ਦਾ।.... ਸ੍ਰੀ ਹਰਿਮੰਦਰ ਸਾਹਿਬ ਦੇ ਦਰ, ਹਰ ਇਸਤ੍ਰੀ ਮਰਦ ਲਈ, ਭਾਵੇਂ ਕਿਸੇ ਦੇਸ਼, ਧਰਮ, ਫ਼ਿਰਕੇ ਜਾਂ ਸੰਪ੍ਰਦਾਇ ਦਾ ਅਨੁਆਈ ਹੈ, ਸਦਾ ਖੁਲ੍ਹੇ ਹਨ ਅਤੇ ਉਹ ਇਸ ਅੰਦਰ ਊਚ ਨੀਚ, ਛੂਤ ਛਾਤ, ਬਿਨਾਂ ਕਿਸੇ ਪਖਪਾਤ ਜਾਂ ਵਿਤਕਰੇ ਦੇ ਆ-ਜਾ ਸਕਦੇ ਹਨ। ਹਰਿਮੰਦਰ ਸਾਹਿਬ ਦਾ ਇਹ ਅ-ਬਦਲ ਨਿਯਮ ਹੈ ਕਿ ਏਥੇ ਨਿਰੋਲ ਹਰਿ ਕੀਰਤਨ ਤੋਂ ਬਿਨਾਂ ਕਿਸੇ ਤਰ੍ਹਾਂ ਦੀ ਕੋਈ ਵਿਆਖਿਆ, ਕਥਾ-ਵਾਰਤਾ ਜਾਂ ਵੀਚਾਰ-ਵਟਾਂਦਰਾ ਨਹੀਂ ਹੋ ਸਕਦਾ, ਨਾ ਹੀ ਕੋਈ ਹੋਰ ਵਿਹਾਰਕ ਗੱਲ ਏਥੇ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਸਮੁੱਚੀ ਗੁਰਬਾਣੀ, ਜੋ ਸਾਰੀ ਹੀ ਰਾਗਾਂ ਵਿਚ ਹੈ ਅਤੇ ਜਿਸ ਦਾ ਸੰਗੀਤਕ ਅਲਾਪ ਅਤਿ ਰਸਭਿੰਨਾ ਅਤੇ ਮਨ ਹਰਨ ਵਾਲਾ ਹੈ, ਦਾ ਨਿਰੋਲ ਕੀਰਤਨ ਇਕਸਾਰ ਏਥੇ ਚਲਦਾ ਰਹਿੰਦਾ ਹੈ। ਇਸ ਤਰ੍ਹਾਂ ਲਗਾਤਾਰ ਹਰੀ ਪ੍ਰਭੂ ਦੀ ਹੁੰਦੀ ਸਿਫਤ ਸਾਲਾਹ ਸਦਕਾ ਹੀ ਇਸ ਥਾਉ ਨੂੰ 'ਹਰਿਮੰਦਰ' ਕਿਹਾ ਹੈ।

## ਸ਼ਹਾਦਤ

ਡਾਕਟਰ ਗੰਡਾ ਸਿੰਘ ਪ੍ਰਸਿਧ ਇਤਿਹਾਸਕਾਰ ਅਨੁਸਾਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਸਿੱਟਾ ਸੀ ਸ਼ੇਖ ਅਹਿਮਦ ਸਰਹਿੰਦੀ ਜਿਹੇ ਕੱਟੜ ਤੇ ਮੁਅਸਬ ਮੁਸਲਮਾਨ ਮੁਲਾਣਿਆਂ ਦੇ ਜਨੂੰਨ, ਅਤੇ ਉਨ੍ਹਾਂ ਵਲੋਂ ਬਾਦਸ਼ਾਹ ਪ੍ਰਤੀ ਦਿੱਤੀ ਉਕਸਾਹਟ ਅਤੇ ਉਸ ਵਲੋਂ ਸ਼ੇਖ਼ ਸਰਹਿੰਦੀ ਨਾਲ

ਕੀਤੇ ਵਾਅਦੇ ਦਾ, ਕਿ ਅਗਰ ਸਰਹਿੰਦੀ ਅਤੇ ਉਸ ਦੀ ਪਾਰਟੀ ਤਖ਼ਤ ਹਾਸਲ ਕਰਨ ਵਿਚ ਜਹਾਂਗੀਰ ਦੀ ਮਦਦ ਕਰਨਗੇ ਤਾਂ ਉਹ ਦੇਸ਼ ਅੰਦਰ ਇਸਲਾਮ ਫੈਲਾਉਣ ਵਿਚ ਉਨ੍ਹਾਂ ਦਾ ਪੱਖ ਪੂਰੇਗਾ, ਅਤੇ ਗੁਰੂ ਅਰਜਨ ਦੇਵ ਜੈਸੀਆਂ ਹਸਤੀਆਂ ਤੋਂ, ਜਿਨ੍ਹਾਂ ਨੂੰ ਉਹ ਇਸਲਾਮ ਦੇ ਪਰਚਾਰ ਵਿਚ ਭਾਰੀ ਰੁਕਾਵਟ ਸਮਝਦੇ ਸਨ, ਉਨ੍ਹਾਂ ਦਾ ਰਸਤਾ ਸਾਫ ਕਰ ਦੇਵੇਗਾ। ਚੁਨਾਂਚਿ ਜਹਾਂਗੀਰ ਨੇ ਸ਼ਾਹੀ ਤਖ਼ਤ ਸੰਭਾਲ ਲੈਣ ਤੋਂ ਪਹਿਲੇ ਸਾਲ ਦੇ ਅੰਦਰ ਹੀ ਗੁਰੂ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤੇ ਜਾਣ ਦੇ ਆਦੇਸ਼ ਜਾਰੀ ਕਰ ਦਿੱਤੇ। ਇਸ ਸਾਰੀ ਵਾਰਤਾ ਦਾ ਨਿਰਣਾ ਬਾਦਸ਼ਾਹ ਖ਼ੁਦ ਆਪਣੀ ਸਵੈ-ਜੀਵਨੀ ਵਿਚ ਬੜੇ ਸਪੱਸ਼ਟ ਰੂਪ ਵਿਚ ਕਰਦਾ ਹੋਇਆ ਲਿਖਦਾ ਹੈ ਕਿ ਗੁਰੂ ਅਰਜਨ ਦੇਵ ਦੇ ਧਰਮ ਪ੍ਰਚਾਰ ਸਦਕਾ ਬਹੁਤ ਸਾਰੇ ਹਿੰਦੂ ਅਤੇ ਮੂਰਖ ਮੁਸਲਮਾਨ ਗੁਰੂ ਜੀ ਵਲ ਖਿੱਚੇ ਜਾ ਰਹੇ ਹਨ, ਜਿਸ ਨੂੰ ਹਮੇਸ਼ਾ ਵਾਸਤੇ ਬੰਦ ਕਰ ਦੇਣ ਲਈ ਉਸ ਨੇ ਗੁਰੂ ਜੀ ਬਾਰੇ ਅਜਿਹਾ ਹੁਕਮ ਜਾਰੀ ਕੀਤਾ।

ਗੁਰੂ ਸਾਹਿਬਾਨ ਦੇ ਇਤਿਹਾਸ ਦਾ ਸਾਧਾਰਨ ਜਾਣਕਾਰ ਅਤੇ ਹਰ ਉਹ ਸ਼ਖ਼ਸ, ਜਿਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਹਰ ਸਾਲ ਮਨਾਏ ਜਾਂਦੇ ਦਿਨ ਬਾਰੇ ਕੁਝ ਵੇਖਿਆ ਜਾਂ ਸੁਣਿਆ ਹੈ, ਭਲੀ ਤਰ੍ਹਾਂ ਜਾਣਦਾ ਹੈ ਕਿ ਬਾਦਸ਼ਾਹ ਜਹਾਂਗੀਰ ਦੇ ਹੁਕਮ ਅਧੀਨ ਸਤਿਗੁਰੂ ਜੀ ਨੂੰ ਲਾਲ ਸੂਹੀਆਂ ਤੱਤੀਆਂ ਤਵੀਆਂ ਉਪਰ ਬਿਠਾਇਆ ਗਿਆ, ਸਿਰ ਉਪਰ ਗਰਮ ਸੜਦੀ ਬਲਦੀ ਰੇਤ ਦੇ ਕੜਛੇ ਉਲਟਾਏ ਗਏ ਅਤੇ ਫਿਰ ਉਬਲਦੇ ਪਾਣੀ ਦੀ ਦੇਗ ਵਿਚ ਬਿਠਾਉਣ ਉਪਰੰਤ, ਜਦੋਂ ਉਨ੍ਹਾਂ ਦਾ ਸਰੀਰ ਛਾਲੇ-ਛਾਲੇ ਹੋ ਚੁੱਕਾ ਸੀ, ਉਨ੍ਹਾਂ ਨੂੰ ਦਰਿਆ ਰਾਵੀ ਵਿਚ ਰੋੜ੍ਹ ਦਿੱਤਾ ਗਿਆ।

ਆਪ ਨੇ ਇਹ ਸਾਰਾ ਕੁਝ ਬੜੇ ਜੇਰੇ ਨਾਲ ਸਹਿਆ। ਆਪ ਇਕ ਆਦਰਸ਼ਕ ਮਨੁੱਖ ਦਾ ਚਿੱਤਰ ਦੁਨੀਆ ਸਾਹਮਣੇ ਰੱਖ ਰਹੇ ਸਨ, ਜੋ 'ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ' ਵਿਚ ਆਪ ਨੇ ਅੰਕਤ ਕੀਤਾ ਸੀ।

ਆਮ ਜੀਵਨ ਅਨੇਕ ਕਿਸਮ ਦੀਆਂ ਆਸਾਂ ਅਤੇ ਉਨ੍ਹਾਂ ਦੇ ਪੂਰੇ ਹੋਣ ਦੇ ਫ਼ਿਕਰ ਤੇ ਅੰਦੇਸਿਆਂ ਦਾ ਬੱਧਾ ਡਾਵਾਂ-ਡੋਲ ਹੋਇਆ ਰਹਿੰਦਾ ਹੈ ਅਤੇ ਜੀਵਨ ਅੰਦਰ ਵਾਪਰਦੇ ਦੁਖਾਂ-ਸੁਖਾਂ ਅਤੇ ਸਫ਼ਲਤਾਵਾਂ ਅਸਫਲਤਾਵਾਂ ਕਾਰਨ ਉਸ ਦੇ ਹਿਰਦੇ ਦਾ ਸੰਤੁਲਨ ਕਾਇਮ ਨਹੀਂ ਰਹਿੰਦਾ ਅਤੇ ਉਹ ਅਸ਼ਾਂਤ-ਚਿੱਤ ਹਮੇਸ਼ਾ ਡੋਲਦਾ ਰਹਿੰਦਾ ਹੈ। ਹਿਰਦੇ ਦਾ ਸੰਤੁਲਨ ਕਾਇਮ ਕਰ ਲੈਣਾ ਹੀ ਸਫਲ ਜੀਵਨ ਦੀ ਨਿਸ਼ਾਨੀ ਹੈ। ਇਸ ਨੂੰ ਗੁਰਬਾਣੀ ਅੰਦਰ 'ਸੁਹਜ' ਦਾ ਨਾਮ ਦਿੱਤਾ ਹੈ, ਜਿਸ ਸਥਿਤੀ ਅੰਦਰ 'ਸਹਜੈ ਹੋਤਾ ਜਾਇ ਸੁ ਹੋਇ' ਦੀ ਭਾਵਨਾ ਬਣਾਉਣੀ ਪੈਂਦੀ ਹੈ। ਇਸੇ ਨੂੰ 'ਹੁਕਮਿ ਰਜਾਈ ਚਲਣਾ' ਕਿਹਾ ਹੈ। ਐਸਾ ਮਨੁੱਖ ਸਾਰੇ ਕਾਰ ਵਿਹਾਰ ਕਰਦਾ ਹੋਇਆ ਵਾਹਿਗੁਰੂ ਵਲੋਂ ਵਰਤਦੀ ਰਜ਼ਾ ਨੂੰ ਮੁੱਖ ਰੱਖਦਾ ਹੈ, ਅਤੇ ਜੋ ਵਰਤੇ ਉਸ ਉਪਰ ਸੰਤੁਸ਼ਟ ਰਹਿੰਦਾ ਹੈ।

ਸਤਿਗੁਰੂ ਜੀ ਮਨੁੱਖ ਨੂੰ ਅਜਿਹੇ ਆਦਰਸ਼ਕ ਜੀਵਨ ਦੇ ਰਾਹੇ ਪਾਉਣਾ ਚਾਹੁੰਦੇ ਸਨ, ਜਿਸ ਵਿਚ ਸਰੀਰਕ ਦੁਖ, ਬਲਕਿ ਮੌਤ ਦਾ ਡਰ ਵੀ ਉਸ ਨੂੰ ਡੁਲਾ ਨਾ ਸਕੇ, ਅਥਵਾ ਅਸੰਤੁਲਿਤ ਨਾ ਕਰ ਸਕੇ। ਇਸ ਦੇ ਲਈ ਦ੍ਰਿੜ੍ਹ ਇਰਾਦੇ ਨਾਲ ਨਿਰੰਤਰ ਅਭਿਆਸ ਪਕਾਉਣਾ ਪੈਂਦਾ ਹੈ। ਅਭਿਆਸ ਨਾਲ ਹੀ ਮਨ ਸਥਿਰ ਹੁੰਦਾ ਹੈ। ਨਾਮ ਬਾਣੀ ਦੇ ਅਭਿਆਸ ਦੁਆਰਾ ਮਨ ਸਹਿਜੇ ਸਥਿਰ ਹੋ ਜਾਂਦਾ ਹੈ। ਇਸ ਪ੍ਰਥਾਇ ਹੀ ਗੁਰੂ ਅਮਰ ਦਾਸ ਜੀ ਨੇ ਵਡਹੰਸ ਰਾਗ ਵਿੱਚ ਫੁਰਮਾਇਆ –

*ਏ ਮਨ ਨਾਮੁ ਨਿਧਾਨੁ ਤੂ ਪਾਇ॥*
*ਆਪਣੇ ਗੁਰ ਕੀ ਮੰਨਿ ਲੈ ਰਜਾਇ॥੧॥ਰਹਾਉ॥*
*ਅੰਗ – ੫੬੦*

ਹਿਰਦੇ ਅੰਦਰ ਸੱਚਾ ਨਾਮ-ਧਨ ਹਿਰਦੇ ਨੂੰ ਮਜ਼ਬੂਤ ਕਰਦਾ ਅਤੇ ਰਜ਼ਾਈ ਦੀ ਰਜ਼ਾ ਨੂੰ ਖਿੜੇ ਮੱਥੇ ਪ੍ਰਵਾਣ ਕਰਨ ਵਿਚ ਸਹਾਈ ਹੁੰਦਾ ਹੈ ਅਤੇ ਮਜ਼ਬੂਤ-ਦਿਲ ਮਨੁੱਖ ਹੀ ਅਡੋਲ ਰਹਿ ਸਕਿਆ ਕਰਦੇ ਹਨ। ਐਸੇ ਆਤਮ-ਬਲੀ ਮਨੁੱਖ ਫਿਰ ਅਜੱਰ ਮੁਸੀਬਤਾਂ ਨੂੰ ਜਰ ਲੈਂਦੇ ਹਨ, ਕਿਉਂਕਿ ਉਨ੍ਹਾਂ ਦਾ ਆਤਮ-ਬਲ ਉਨ੍ਹਾਂ ਦੀ ਸਹਾਇਤਾ ਕਰ ਰਿਹਾ ਹੁੰਦਾ ਹੈ। 'ਜਿਸਹਿ ਜਰਾਏ ਆਪਿ ਸੋਈ ਅਜਰੁ ਜਰੈ' ਲਈ ਸਤਿਗੁਰੂ ਅਰਜਨ ਦੇਵ ਜੀ ਮਨੁੱਖ ਮਾਤਰ ਨੂੰ ਇਉਂ ਸੰਬੋਧਨ ਕਰਦੇ ਹਨ –

*ਪਹਿਲਾਂ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥੧॥੨੩॥* *ਅੰਗ – ੧੧੦੨*

ਐਸੇ ਮਨ ਲਈ ਆਤਮ-ਬਲੀ ਹੋਣਾ ਅਤਿ ਜ਼ਰੂਰੀ ਹੈ। ਆਤਮ-ਬਲੀ ਲਈ ਜ਼ਿੰਦਗੀ ਅਤੇ ਮੌਤ ਸਮਾਨ ਹੋ ਜਾਂਦੇ ਹਨ। 'ਮਰਣੁ ਜੀਵਣੁ ਜੋ ਸਮ ਕਰਿ ਜਾਣੈ ਸੋ ਮੇਰੇ ਪ੍ਰਭੂ ਭਾਇਦਾ॥' (ਅੰਗ – ੧੦੫੯) ਸ੍ਰੀ ਗੁਰੂ ਅਰਜਨ ਦੇਵ ਜੀ ਐਸੇ ਆਤਮ-ਬਲੀ ਦਾ ਨਮੂਨਾ ਸੰਸਾਰ ਅੱਗੇ ਰੱਖਣਾ ਚਾਹੁੰਦੇ ਸਨ, ਜਿਸ ਦੇ ਲਈ ਉਨ੍ਹਾਂ ਨੇ ਆਪਣੇ ਸਰੀਰ ਉੱਪਰ ਅਜਰ ਦੁਖ ਸਹੇ।

ਉਨ੍ਹਾਂ ਦੀ ਸ਼ਹੀਦੀ ਦਾ ਵਿਸ਼ਲੇਸ਼ਣ ਸਿਰਫ਼ ਤਿੰਨ ਸ਼ਬਦਾਂ ਵਿਚ ਇਉਂ ਕੀਤਾ ਜਾ ਸਕਦਾ ਹੈ ਕਿ ਆਪ 'ਮਹਾਨ

ਬਲਵਾਨ ਆਤਮਾ' ਸਨ। ਅੱਜ ਦੀ ਸ਼ਬਦਾਵਲੀ ਵਿਚ ਉਨ੍ਹਾਂ ਨੂੰ ਮਜ਼ਬੂਤ-ਦਿਲ ਦੇ ਮਨੁਖ ਕਹਿ ਦਿੱਤਾ ਜਾਂਦਾ ਹੈ, ਏਨਾ ਕਹਿ ਦੇਣ ਨਾਲ ਉਸ 'ਮਹਾਨ ਬਲਵਾਨ ਆਤਮਾ' ਦੀ ਸਹੀ ਵਿਆਖਿਆ ਨਹੀਂ ਹੁੰਦੀ। ਦੁਨੀਆਵੀ ਬੁਧ ਦਾ ਕੀਤਾ ਹਰ ਵਿਸ਼ਲੇਸ਼ਣ ਸੰਸਾਰਕ ਨੁਕਤਾ-ਨਿਗਾਹ ਹੀ ਪੇਸ਼ ਕਰ ਸਕਦਾ ਹੁੰਦਾ ਹੈ, ਆਤਮਾ ਦੀ ਗੱਲ ਆਤਮਾ ਦੀ ਬੋਲੀ ਵਿਚ ਹੋਣੀ ਹੀ ਉਚਿਤ ਹੈ। ਕੋਈ ਮਨੁੱਖ ਕਿਸੇ ਮਹਾਨ ਆਤਮਾ ਬਾਰੇ ਕਿੰਨੀ ਕੁ ਸੋਝੀ ਦੇ ਸਕਦਾ ਹੈ, ਇਹ ਕਥਨਹਾਰ ਦੀ ਆਪਣੀ ਆਤਮਾ ਦੇ ਉੱਚੇ-ਨੀਵੇਂ ਹੋਣ ਤੇ ਨਿਰਭਰ ਹੁੰਦਾ ਹੈ। ਜਪੁਜੀ ਬਾਣੀ ਅੰਦਰ ਫ਼ੁਰਮਾਨ ਹੈ–

*ਏਵਡੁ ਊਚਾ ਹੋਵੈ ਕੋਇ॥*
*ਤਿਸੁ ਊਚੇ ਕਉ ਜਾਣੈ ਸੋਇ॥੨੪॥* *ਜਪੁਜੀ*

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਆਤਮਾ ਦੀ ਜਾਂਚ ਬਹੁਤ ਉੱਚੇ ਉੱਠ ਕੇ ਅਤੇ ਉਨ੍ਹਾਂ ਦੇ ਨੇੜੇ ਹੋਇਆਂ ਹੀ ਹੋ ਸਕਦੀ ਹੈ। ਉਨ੍ਹਾਂ ਦੇ ਜਿਤਨਾ ਨੇੜੇ ਕੋਈ ਹੋਵੇਗਾ, ਉਸ ਦੀ ਉਨ੍ਹਾਂ ਬਾਰੇ ਸੋਝੀ ਓਨੀ ਹੀ ਵਿਸ਼ਾਲ ਤੇ ਸਹੀ ਹੋਵੇਗੀ।

*(ਪੰਨਾ 13 ਦੀ ਬਾਕੀ)*

ਦੀ ਕਮਾਈ ਹੀ ਸੱਚੀ ਆਤਮ-ਕਮਾਈ ਹੈ। ਕੂੜਾਵੇ ਵੇਦਾਂਤੀਆਂ ਵਾਲੀ ਗਲੀਂ ਬਾਤੀਂ ਇਹ ਡੀਂਗ ਮਾਰਨਾ ਕਿ 'ਸਰਬ ਜੀਵੋਂ ਮੇਂ ਅਪਨੀ ਆਤਮਾ ਕਾ ਭਾਸ ਅਨਮਾਨ ਕਰੋ' ਇਹ ਫੋਕਟ ਆਤਮ-ਗਿਆਨ ਦੀ ਬੂੰਦ-ਚਰਚਾ ਹੈ। ਨਾਮ ਦੀ ਅਭਿਆਸ ਕਮਾਈ ਦੁਆਰਾ ਆਤਮ ਜੋਤਿ ਨੂੰ ਪਰਤੱਖ ਸਾਂਗੋ-ਪਾਂਗ ਲਖਣਾ ਅਤੇ ਇਸ ਬਿਧਿ ਰਸ-ਜੋਤਿ-ਰੰਗਾਂ ਵਿਚ ਲੀਨ ਹੋ ਕੇ ਦੇਹ-ਬਦੇਹ ਹੋ ਜਾਣਾ। ਇਹ ਸੱਚੀ ਆਤਮ ਕਮਾਈ ਵਾਲੀ ਬਿਵਸਥਾ ਹੈ। ਆਤਮ ਰੰਗਾਂ ਵਿਚ ਰੱਤ ਕੇ ਹੀ ਸੱਚੀ ਕੁਰਬਾਨੀ ਹੋ ਸਕਦੀ ਹੈ ਅਤੇ ਸੱਚੀ ਸੂਰਮਤਾਈ ਵਾਲੀ ਗਤ ਬਿਵਸਥਾ ਪ੍ਰਾਪਤ ਹੋ ਸਕਦੀ ਹੈ। ਐਵੇਂ ਨਹੀਂ। ਆਤਮ ਰੰਗਾਂ ਵਿਚ ਰੰਗੀਜ ਕੇ ਹੀ ਸਰੀਰ ਉਤੇ ਬਿਕਰਾਲ ਕਸ਼ਟਾਂ ਦੇ ਸਹਾਰਨ ਵਾਲੀ ਸਹਿਨਸ਼ੀਲਤਾ ਸੰਪੰਨ ਸੱਚੀ ਰੂਹ ਆਤਮਾ ਅੰਦਰ ਪ੍ਰਵੇਸ਼ ਹੁੰਦੀ ਹੈ। ਆਤਮ-ਰੰਗਾਂ ਵਾਲੇ ਨਾਮ ਗਹਰੇ ਅਭਿਆਸੀ ਜਨ ਨੂੰ ਦੇਹ ਅਧਿਆਸ ਹੀ ਨਹੀਂ ਰਹਿੰਦਾ। ਸਰੀਰ ਦੇ ਕਸ਼ਟ ਤਸੀਹੇ ਪੋਂਹਦੇ ਨਹੀਂ, ਮਹਿਸੂਸ ਹੀ ਨਹੀਂ ਹੁੰਦੇ, ਕਿਉਂਕਿ ਬਿਰਤੀ ਤਾਂ ਆਤਮ-ਰੰਗਾਂ ਵਿਚ ਅਰੂੜ ਹੋਈ ਹੁੰਦੀ ਹੈ। ਸਰੀਰ ਦੇ ਦੁਖ-ਕਲੇਸ਼ਾਂ ਦੇ ਅਹਿਸਾਸ ਦੀ ਓਥੇ ਗੰਮਤਾ ਹੀ ਨਹੀਂ। ਮਰਨ ਜੀਵਣ ਦਾ ਓਥੇ ਸੰਸਾ ਹੀ ਨਹੀਂ। ਜੀਵਣ-ਮੁਕਤਿ ਬਿਵਸਥਾ ਦੀ ਅਉਜ (ਸਿਖਰਲੇ ਡੰਡੇ) ਦੀ ਮੌਜ-ਰੰਗ-ਚਲੀਆਂ ਮਾਨਣਹਾਰੇ ਸਤਿਗੁਰੂ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੂੰ ਬੜੇ ਬੜੇ ਬਿਕਰਾਲ ਕਸ਼ਟ ਤਸੀਹੇ ਦਿੱਤੇ ਗਏ, ਪਰ ਗੁਰੂ ਸਾਹਿਬ ਆਤਮ-ਰੰਗ ਵਿਚਿ ਅਡੋਲ, ਕੇਵਲ ਆਤਮ-ਬਲ ਕਰਕੇ ਇਨ੍ਹਾਂ ਕਸ਼ਟਾਂ ਤੋਂ ਅਲੇਪ ਰਹੇ। ਸੱਚੀ ਸ਼ਾਂਤਮਈ ਅਤੇ ਸਹਿਨ-ਸੀਲਤਾ ਦੀ ਅਤਿ ਉਚ ਅਵਸਥਾ ਹੈ, ਜਿਸ ਨੂੰ ਨਾਮ-ਰੰਗੋਂ ਘੁਥੇ ਅਲਪੱਗ ਇਨਸਾਨ ਆਤਮ ਮੌਜ-ਅਵਸਥਾ ਤੋਂ ਊਰੇ ਜੰਤ ਕਦੇ ਨਹੀਂ ਪਹੁੰਚ ਸਕਦੇ। ਅੱਜ ਹੱਠ-ਕਰਮੀਆਂ ਵਾਲੀ ਸ਼ਾਂਤਮਈ ਦੀਆਂ ਥੋਥੀਆਂ ਤੋਤਾ-ਕਹਾਣੀਆਂ ਤੁਰ ਪਈਆਂ ਹਨ। ਗੁਰੂ ਅਰਜਨ ਸਾਹਿਬ ਜੀ ਨੇ ਸੱਚੀ ਸ਼ਾਂਤਮਈ, ਸੱਚੀ ਸਹਿਨ-ਸ਼ੀਲਤਾ ਅਤੇ ਸੱਚੀ ਸੂਰਮਤਾਈ ਦਾ ਸੱਚਾ ਪੂਰਨਾ ਪਾ ਕੇ ਪਰਤੱਖ ਦਿਖਾਇਆ, ਜਿਸ ਨੂੰ ਕੋਈ ਫੋਕਟ ਹੱਠ-ਧਰਮੀ ਸ਼ਾਂਤਮਈ ਦਾ ਚੁੰਚ-ਕਥਨੀਆ ਰੀਫ਼ਾਰਮਰ ਨਹੀਂ ਪਹੁੰਚ ਸਕਦਾ।

ਸੋ ਆਤਮ ਬਿਵਸਥਾ ਦੇ ਰੰਗਾਂ ਵਾਲੀ ਸਿਰ ਧੜਾਂ ਦੀ ਬਾਜ਼ੀ ਜਿੱਤਣ ਵਾਲੇ ਦੇ ਵਸਿਗਤ ਸਭ ਤਾਕਤਾਂ ਹੋ ਜਾਂਦੀਆਂ ਹਨ। ਪਰ ਇਹ ਉਸ ਵਡਭਾਗੇ ਜੰਤ ਨੂੰ ਖੇੜ ਬਣਿ ਆਂਵਦੀ ਹੈ ਜਿਸ ਨੇ ਪੂਰਾ ਸਤਿਗੁਰੂ ਧਾਰਨ ਕੀਤਾ ਹੋਇਆ ਹੁੰਦਾ ਹੈ। ਅਰਥਾਤ, ਜੋ ਨਿਗੁਰਾ ਨਹੀਂ ਹੁੰਦਾ। 'ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ' ਅਰਥਾਤ, ਸਤਿਗੁਰੂ ਦੇ ਸਿੱਖਾਂ ਨੂੰ ਹੀ ਆਤਮ ਬਿਵਸਥਾ ਪ੍ਰਾਪਤ ਹੋ ਸਕਦੀ ਹੈ। ਨਾਮੋਂ ਘੁਥੇ ਨਿਗੁਰਿਆਂ ਨੂੰ ਇਹ ਰੰਗ ਕਿਥੋਂ?

ਧੰਨ ਸੱਚਾ ਪਾਤਸ਼ਾਹ ਗੁਰੂ ਅਰਜਨ ਸਾਹਿਬ! ਜਿਸ ਦੇ ਪ੍ਰਤਾਪ ਕਰਕੇ ਨਾਮ ਦੀ, ਗੁਰਬਾਣੀ ਦੀ, ਗੁਰ-ਸ਼ਬਦ ਦੀ ਸੱਚੀ ਅਮਰੀ ਦਾਤਿ ਸਾਡੇ ਤਾਈਂ ਅੱਪੜੀ। ਜਿਸ ਦੀ ਕਮਾਈ ਕਰਿ ਗੁਰੂ ਪੰਥ ਅੰਦਰ ਅੱਦੁਤੀ ਕੁਰਬਾਨੀਆਂ ਵਾਲੇ ਗੁਰਸਿੱਖ ਸ਼ਹੀਦ ਅਨੇਕਾਂ ਦੀ ਗਿਣਤੀ ਵਿੱਚ ਪੈਦਾ ਹੋਏ ਅਤੇ ਅਣਗਿਣਤ ਹੀ ਅੱਗੇ ਨੂੰ ਪੈਦਾ ਹੁੰਦੇ ਰਹਿਣਗੇ। ਅਣਗਿਣਤ ਲਾਸਾਨੀ ਕੁਰਬਾਨੀਆਂ ਜੋ ਅੱਜ ਤਾਈਂ ਗੁਰੂ ਘਰ ਵਿਚ ਹੋਈਆਂ ਅਤੇ ਅਗੇ ਨੂੰ ਹੋਣਗੀਆਂ, ਉਹ ਗੁਰੂ ਅਰਜਨ ਸਾਹਿਬ ਦੀ ਬਖਸ਼ੀ ਅਮੋਘ ਦਾਤਿ ਦਾ ਸਦਕਾ ਹਨ। ਗੁਰੂ ਸਾਹਿਬ ਗੁਰੂ ਪੰਚਮ ਪਾਤਸ਼ਾਹ ਦੀਆਂ ਹੋਰ ਅਨੇਕ ਮਹਾਨ ਉਪਕਾਰ-ਕਰਨੀਆਂ ਹਨ, ਜਿਨ੍ਹਾਂ ਨੂੰ ਵਰਣਨ ਕਰਦਿਆਂ ਬੜਾ ਵਿਸਥਾਰ ਹੋ ਜਾਂਦਾ ਹੈ। ਸਮਾਂ ਥੋੜਾ ਅਤੇ ਸੰਕੋਚ ਦਾ ਖ਼ਿਆਲ ਲੈ ਕੇ ਏਥੇ ਹੀ ਬਸ ਕਰਨਾ ਪਿਆ।

# ਚੜ੍ਹਦੀ ਕਲਾ

*[ਪ੍ਰੋਫੈਸਰ ਹਰਬੰਸ ਸਿੰਘ ਜੀ ]*

ਚੜ੍ਹਦੀ ਕਲਾ ਹੈ-ਖੇੜਾ, ਪਰਮ ਅਨੰਦ, ਅਡੋਲਤਾ, ਨਿਰਭੈਤਾ, ਆਪਣੀ ਧੁਨ ਦੀ ਨਿੱਗਰਤਾਂ, ਬੇ-ਫ਼ਿਕਰੀ, ਆਪਣੇ ਨਿਸ਼ਾਨੇ ਵਲ ਅਗਾਂਹ ਵਧਦੇ ਕਦਮ, ਉਤਰਾਅ-ਚੜ੍ਹਾਅ ਸਮੇਂ ਸਥਿਰਤਾ, ਅਗਾਂਹ ਵਲ ਤਾਂਘ, ਫਤਿਹ ਫਤਿਹ, ਆਪਣੇ ਆਪ ਨੂੰ ਹਾਰਿਆ ਹੋਇਆ ਨਾ ਸਮਝਣਾ, ਕੁਝ ਕਰ ਮਰਨ ਲਈ ਸਾਹਸ (ਹੌਂਸਲਾ) ਰੱਖਣਾ, ਤੰਗੀ ਤੁਰਸ਼ੀ ਵਿਚ ਘਬਰਾਉਣਾ ਨਾ, ਸਗੋਂ ਬਲਵਾਨ ਤੋਂ ਬੇ-ਪ੍ਰਵਾਹ ਰਹਿਣਾ।

ਬੇਪ੍ਰਵਾਹ ਤੇ ਨਿਰਭੈ ਕੌਣ ਹੋ ਸਕਦਾ ਹੈ? ਜਿਸ ਦਾ ਸਾਈਂ ਨਿਰਭਉ ਹੋਵੇ, ਜਿਸ ਦੀ ਮਿੱਤਰਤਾ ਬੇਪ੍ਰਵਾਹ ਬੇਅੰਤ ਨਾਲ ਹੋਵੇ, ਜੋ ਡਾਢੇ ਦਾ ਪਿਆਰਾ ਹੋਵੇ -

*ਜਿਸ ਦਾ ਸਾਹਿਬ ਡਾਢਾ ਹੋਇ॥*
*ਤਿਸ ਨੋ ਮਾਰਿ ਨ ਸਾਕੈ ਕੋਇ॥* *ਅੰਗ - ੮੪੨*

ਹਾਂ ਜੀ! 'ਤਿਸ ਨੂੰ ਮਾਰਿ ਨ ਸਾਕੈ ਕੋਇ' ਫਿਰ ਤਿਸਨੂੰ ਡਰ ਭੀ ਕਿਸਦਾ ਹੋਇ? ਉਹ ਬੇਖ਼ੌਫ਼ ਤੇ ਬੇਪ੍ਰਵਾਹ ਕਿਉਂ ਨਾ ਹੋਇ? ਜੋ ਬੇਪ੍ਰਵਾਹ ਹੋਇ ਤਾਂ ਉਸਦੀ ਚੜ੍ਹਦੀ ਕਲਾ ਕਿਉਂ ਨਾ ਹੋਇ? ਜੇ ਚੜ੍ਹਦੀ ਕਲਾ ਹੋਇ ਤਾਂ ਫਿਰ ਫਤਿਹ ਕਿਉਂ ਨਾ ਹੋਇ? ਫਤਿਹ ਹੋਇ ਤਾਂ ਕਿਸਦੀ ਹੋਇ? ਖਸਮ ਦੀ, ਪਰਵਦਗਾਰ ਦੀ, ਕਰਤਾ ਪੁਰਖ ਦੀ, ਰਾਜਨ ਕੇ ਰਾਜਾ ਅਕਾਲ ਪੁਰਖ ਦੀ, ਵਾਹਿਗੁਰੂ ਜੀ ਕੀ ਫਤਹਿ।

ਚੜ੍ਹਦੀ ਕਲਾ ਕਿਸ ਦੀ ਹੋਇ? ਜੋ ਡੋਲੇ ਨਾ, ਆਪਣੇ ਖਸਮ ਤੇ ਭਰੋਸਾ ਰੱਖੇ, ਉਸ ਦੇ ਭਾਣੇ ਵਿਚ ਰਹੇ, ਉਸ ਦੇ ਹੁਕਮਾਂ ਅੰਦਰ ਚੱਲੇ, ਹੁਕਮ ਰਜਾਈ ਰਹੇ, ਅਰਥਾਤ, ਰਾਜਕ ਵਾਹਿਗੁਰੂ ਦੀ ਰਜ਼ਾ ਵਿਚ ਰਹੇ, ਉਸ ਦੇ ਹੁਕਮਾਂ ਦੀ ਤਾਮੀਲ ਕਰਦਾ ਹੋਇਆ ਉਸ ਦੀ ਸਿਫ਼ਤ ਸਲਾਹ, ਅਰਥਾਤ, ਕੀਰਤੀ ਕਰੇ, ਵਾਹੁ-ਵਾਹ ਦੇ ਖੇੜੇ ਵਿਚ ਰਹੇ, ਐਧਰ-ਓਧਰ, ਅੰਦਰ-ਬਾਹਰ, ਚਲਦਾ-ਫਿਰਦਾ, ਉਠਦਾ-ਬੈਠਦਾ 'ਵਾਹੁ ਵਾਹੁ' ਦੀ ਰੰਗਣ ਵਿਚ ਰੰਗਿਆ ਰਹੇ। ਵਾਹੁ ਵਾਹੁ ਦੇ ਖੇੜੇ ਵਿਚ ਰਹਿਣ ਵਾਲਾ ਕੌਣ ਹੋ ਸਕਦਾ ਹੈ?

*ੳ) ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਅ) ਸੁਖ ਸਨੇਹੁ ਅਰੁ ਭੈ ਨਹੀ ਜਾ ਕੈ,*
*ੲ) ਕੰਚਨ ਮਾਟੀ ਮਾਨੈ॥੧॥ਰਹਾਉ॥*
*ਸ) ਨਹ ਨਿੰਦਿਆ, ਨਹ ਉਸਤਤਿ ਜਾ ਕੈ,*
*ਹ) ਲੋਭ ਮੋਹੁ ਅਭਿਮਾਨਾ॥*
*ਕ) ਹਰਖ ਸੋਗ ਤੇ ਰਹੈ ਨਿਆਰਉ,*
*ਖ) ਨਾਹਿ ਮਾਨ ਅਪਮਾਨਾ॥੧॥*
*ਗ) ਆਸਾ ਮਨਸਾ ਸਗਲ ਤਿਆਗੈ, ਜਗ ਤੇ ਰਹੈ ਨਿਰਾਸਾ॥*
*ਘ) ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ, ਤਿਹ ਘਟਿ ਬ੍ਰਹਮੁ ਨਿਵਾਸਾ॥੨॥* *ਅੰਗ - ੬੩੩*

ਹਾਂ ਜੀ! 'ਤਿਹ ਘਟਿ ਬ੍ਰਹਮੁ ਨਿਵਾਸਾ।'

*ਬਿਸਮੁ ਪੇਖੈ, ਬਿਸਮੁ ਸੁਣੀਐ, ਬਿਸਮਾਦੁ ਨਦਰੀ ਆਇਆ॥* *ਅੰਗ - ੭੭੮*

ਬਿਸਮਾਦੁ ਨਦਰੀ ਆਇਆ, ਕਰਤਾ ਘਰਿ ਆਇਆ, ਦੂਤਹ ਦਹਨੁ ਭਇਆ, ਗੋਵਿੰਦੁ ਪ੍ਰਗਟਾਇਆ, ਆਚਰਜ ਡੀਠਾ ਅਮਿਉ ਵੂਠਾ .. ਗ੍ਰਿਹਿ ਪ੍ਰਗਟੇ ਪ੍ਰਭ ਆਇ ਜੀਉ॥

ਹਮ ਘਰਿ ਸਾਜਨ ਆਏ, ਅਨਦੋ ਅਨਦ ਘਣਾ, ...ਬਿਸਮਾਦੁ ਨਦਰੀ ਆਇਆ, ਹਉ ਲੋਟ ਪੋਟ ਹੋਇ ਪਈਆ... ਵਾਹੁ ਵਾਹੁ! ਵਾਹੁ ਵਾਹੁ ਵਾਹੁ-ਵਾਹੁ, ਵਾਹੁ-ਵਾਹੁ, ਵਾਹੁ-ਵਾਹੁ! ਵਾਹੁ ਵਾਹੁ, ਵਾਹੁ ਵਾਹੁ, ਵਾਹ ਵਾਹ!

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬਿਸਮਾਦੁ ਨਦਰੀ ਆਇਆ। ਉਸ ਦੀਪਕ ਤੋਂ ਇਕ ਹੋਰ ਦੀਪਕ ਪ੍ਰਗਾਸਿਆ ਗਿਆ। ਭਾਈ ਲਹਿਣਾ ਜੀ ਦੇ ਘਟ (ਸ਼ਰੀਰ) ਅੰਦਰ ਜੋਤਿ ਜਗ ਉਠੀ, ਗੁਰੂ ਦੇ ਅੰਗ ਲੱਗਣ ਨਾਲ ਚੇਲੇ ਤੋਂ ਗੁਰੂ ਬਣ ਗਏ, ਗੁਰੂ ਅੰਗਦ ਦੇਵ ਬਣ ਗਏ। ਗੁਰੂ ਅੰਗਦ ਦੇਵ ਜੀ ਦੇ ਚਰਨੀਂ ਲੱਗਣ ਨਾਲ (ਗੁਰੂ) ਅਮਰ ਦਾਸ ਜੀ ਦੇ ਹਿਰਦੇ ਵਿਚ ਪ੍ਰਕਾਸ਼ ਹੋ ਗਿਆ। ਗੁਰੂ ਅਮਰ

ਤੋਂ ਗੁਰੂ ਬਣ ਗਏ, ਗੁਰੂ ਅੰਗਦ ਦੇਵ ਬਣ ਗਏ। ਗੁਰੂ ਅੰਗਦ ਦੇਵ ਜੀ ਦੇ ਚਰਨੀਂ ਲੱਗਣ ਨਾਲ (ਗੁਰੂ) ਅਮਰ ਦਾਸ ਜੀ ਦੇ ਹਿਰਦੇ ਵਿਚ ਪ੍ਰਕਾਸ਼ ਹੋ ਗਿਆ। ਗੁਰੂ ਅਮਰ ਦਾਸ ਜੀ ਤੋਂ ਰਾਮ ਦਾਸ ਜੀ ਅਤੇ ਅੱਗੋਂ ਅਰਜਨ ਦੇਵ ਜੀ ਦਾ ਹਿਰਦਾ ਲਟ-ਲਟ ਕਰ ਉਠਿਆ। ਦਿਬ-ਜੋਤਿ ਦੇ ਦਰਸ਼ਨ ਕਰਦਿਆਂ ਹੀ ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦ ਵਿਚੋਂ ਇਉਂ ਬਚਨ ਨਿਕਲੇ-

***ਮੈ ਪੇਖਿਓ ਰੀ ਊਚਾ ਮੋਹਨੁ, ਸਭ ਤੇ ਊਚਾ॥***
***ਹਾਂ ਜੀ, ਬਿਸਮਾਦੁ ਨਦਰੀ ਆਇਆ।***

ਗੁਰੂ ਅਰਜਨ ਦੇਵ ਜੀ ਤੋਂ ਜੋਤਿ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿ ਰਾਏ ਸਾਹਿਬ, ਗੁਰੂ ਹਰਿ ਕ੍ਰਿਸ਼ਨ ਸਾਹਿਬ ਅਤੇ ਗੁਰੂ ਤੇਗ ਬਹਾਦਰ ਜੀ ਤੋਂ ਹੁੰਦੀ ਹੋਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚ ਆ ਕੇ ਪ੍ਰਗਟੀ, ਜਿਹੜੀ ਹੁਣ ਜੁਗੋ ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਹੈ।

ਇਹ ਜੋਤਿ ਤਪਦੇ ਹਿਰਦਿਆਂ ਨੂੰ ਠਾਰਦੀ ਰਹੀ ਹੈ, ਹੁਣ ਵੀ ਠਾਰ ਰਹੀ ਹੈ ਅਤੇ ਅੱਗੋਂ ਨੂੰ ਵੀ ਠਾਰਦੀ ਰਹੇਗੀ, ਅਰਥਾਤ, ਤਿੰਨੇ ਕਾਲਾਂ (ਭੂਤ, ਵਰਤਮਾਨ ਤੇ ਭਵਿੱਖ) ਵਿਚ ਅਖੰਡਾਕਾਰ ਹੈ।

ਇਹ ਜੋਤਿ ਜੀਅ-ਦਾਨ ਦਿੰਦੀ ਹੋਈ ਅਨੰਦ ਪ੍ਰਗਟਾਉਂਦੀ ਅਤੇ ਖੇੜਾ ਵਰਸਾਉਂਦੀ ਰਹੀ ਹੈ, ਨਿਰਭੈ ਬਣਾਉਂਦੀ ਅਤੇ ਚੜ੍ਹਦੀ ਕਲਾ ਵਿਚ ਰੱਖਦੀ ਰਹੀ ਹੈ ਆਪਣੇ ਪਿਆਰਿਆਂ ਨੂੰ, ਗੁਰੂ ਦੁਲਾਰਿਆਂ ਨੂੰ, ਜਿਹੜੇ ਗੁਰੂ ਦੇ ਹੋ ਚੁੱਕਦੇ ਹਨ, ਆਪਣਾ ਤਨ, ਮਨ, ਧਨ ਗੁਰੂ ਨੂੰ ਅਰਪ ਕਰ ਕੇ ਗੁਰੂ ਦਾ ਪੱਲਾ ਫੜ ਲੈਂਦੇ ਹਨ, ਆਪਣਾ ਸੀਸ ਗੁਰੂ ਨੂੰ ਭੇਟ ਕਰ ਦਿੰਦੇ ਹਨ, ਜਿਹੜੇ ਮੈਂ-ਮੈਂ ਛੱਡ ਕੇ ਤੂੰ-ਤੂੰ, ਤੂੰਹੀ ਤੂੰ, ਤੇਰਾ-ਤੇਰਾ, ਕਰਨ ਲੱਗ ਜਾਂਦੇ ਹਨ।

ਨਿਰਭਉ ਨੂੰ ਜਪਣ ਵਾਲਿਆਂ ਦੇ ਸਗਲ ਭਉ, ਅਰਥਾਤ, ਸਾਰੇ ਡਰ ਮਿਟ ਗਏ, ਬੇਪ੍ਰਵਾਹ ਹੋ ਗਏ, ਕਿਲਵਿਖ ਨਸ ਗਏ, ਅਟਕਾਅ ਦੂਰ ਹੋ ਗਏ, ਵੈਰੀ, ਮਿੱਤਰ ਬਣ ਗਏ, ਜੀਵਨ-ਰੌ ਬੇਰੋਕ ਹੋ ਗਈ, ਚੜ੍ਹਦੀ ਕਲਾ ਵਿਚ ਵਿਚਰਨ ਲੱਗ ਪਏ।

ਪਿਤਾ ਗੁਰੂ ਤੇਗ ਬਹਾਦਰ ਜੀ ਚਾਂਦਨੀ ਚੌਕ, ਦਿੱਲੀ ਵਿਖੇ ਸ਼ਹੀਦ ਹੋ ਗਏ। ਵਾਹੁ ਵਾਹੁ ਦੀ ਰੰਗਣ ਵਿਚ ਰੱਤੇ ਬਾਲਕ ਗੋਬਿੰਦ ਰਾਏ ਜੀ ਅਡੋਲ ਰਹੇ। ਜ਼ੁਲਮ ਦਾ ਟਾਕਰਾ ਕਰਨ ਵਾਸਤੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਅਕਾਲੀ ਫ਼ੌਜ ਖੜੀ ਕੀਤੀ, ਖਾਲਸਾ ਪ੍ਰਗਟ ਹੋਇ ਆਇਆ, ਵਾਹਿਗੁਰੂ ਜੀ ਕਾ ਖਾਲਸਾ। ਆਪ ਅੰਮ੍ਰਿਤ ਛਕਿਆ, ਹੋਰਨਾਂ ਨੂੰ ਛਕਾਇਆ, ਆਪ ਸਿੰਘ ਸਜ ਕੇ ਗੋਬਿੰਦ ਸਿੰਘ ਕਹਿਲਵਾਏ, ਹੋਰਨਾਂ ਨੂੰ ਸਿੰਘ ਸਜਾਇਆ, ਪਿਛਲੇ ਜਾਤ ਗੋਤ ਖ਼ਤਮ ਕੀਤੇ, ਊਚ ਨੀਚ ਦਾ ਭੇਦ ਮਿਟਾ ਕੇ, ਸਭ ਨੂੰ ਇਕ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਇਕ ਪਾਲ ਵਿਚ ਖੜਾ ਕਰ ਕੇ ਖਾਲਸਾ ਸਜਾਇਆ। ਖਾਲਸਾ ਫ਼ੌਜ ਖੜੀ ਕੀਤੀ, ਘੋੜੇ ਰੱਖੇ, ਬਾਜ ਰੱਖੇ, ਕਲਗੀ ਲਾਈ, ਸ਼ਸਤਰ ਸਜਾਏ, ਰਣਜੀਤ ਨਗਾਰੇ ਦੀਆਂ ਧੁੰਮਾਂ ਪਾਈਆਂ, ਜਰਵਾਣਿਆ ਨਾਲ ਲੋਹਾ ਲਿਆ, ਚੜ੍ਹਦੀ ਕਲਾ ਵਾਲੀ ਸ਼ਾਨ ਵਿਖਾਈ। ਲੋਕਾਂ ਦੇ ਪਾਤਸ਼ਾਹ, ਸਿੰਘਾਂ ਦਾ ਸੱਚਾ ਪਾਤਸ਼ਾਹ; ਲੋਕਾਂ ਦੇ ਝੰਡੇ, ਸਿੰਘਾਂ ਦਾ ਨਿਸ਼ਾਨ ਸਾਹਿਬ, ਲੋਕੀਂ ਮੂਰਤੀਆਂ, ਸਿੰਘ ਸਵਾ ਲੱਖ ਖਾਲਸਾ; ਲੋਕੀਂ ਗਰੀਬ ਦਾਸ ਤੇ ਕਮਰ ਦੀਨ, ਗੁਰੂ ਕਾ ਸਿੰਘ ਬਘੇਲ ਸਿੰਘ, ਗੜ੍ਹ ਤੋੜ ਸਿੰਘ। ਇਹ ਸੀ ਚੜ੍ਹਦੀ ਕਲਾ ਦਾ ਪ੍ਰਤੱਖ ਪ੍ਰਗਟਾਵਾ।

ਅਨੰਦਪੁਰ ਸਾਹਿਬ ਦੇ ਕਿਲ੍ਹੇ ਦੁਆਲੇ ਮੁਗ਼ਲ ਫ਼ੌਜਾਂ ਨੇ ਘੇਰਾ ਪਾ ਲਿਆ, ਰਾਸ਼ਨ ਮੁੱਕ ਗਿਆ, ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ, ਭਾਈ ਬਚਿੱਤਰ ਸਿੰਘ ਨੂੰ ਮਸਤ ਹਾਥੀ ਨਾਲ ਟੱਕਰ ਲੈਣ ਵਾਸਤੇ ਹੁਕਮ ਹੁੰਦਾ ਹੈ। ਭਾਈ ਬਚਿੱਤਰ ਸਿੰਘ ਹੱਥ ਵਿਚ ਨਾਗਣੀ (ਬਰਛਾ) ਲੈ ਕੇ ਇਕੱਲਾ ਹੀ ਹਾਥੀ ਉੱਤੇ ਟੁੱਟ ਪੈਂਦਾ ਹੈ, ਹਾਥੀ ਦੇ ਮੱਥੇ ਵਿਚ ਨਾਗਣੀ ਦੇ ਖੁੱਭਣ ਨਾਲ ਖੂਨ ਦਾ ਸੋਮਾ ਫੁੱਟ ਪੈਂਦਾ ਹੈ ਅਤੇ ਹਾਥੀ ਚਾਂਘਰਾਂ ਮਾਰਦਾ ਪਿੱਛੇ ਨੂੰ ਭੱਜ ਪੈਂਦਾ ਹੈ, ਮੁਗ਼ਲ ਫ਼ੌਜਾਂ ਵਿਚ ਖਲਬਲੀ ਮਚ ਜਾਂਦੀ ਹੈ। ਨਿਰਭਉ ਨੂੰ ਜਪਣ ਵਾਲਾ, ਪਰ ਦੇਖਣ ਨੂੰ ਮਾੜਚੂ ਜਿਹਾ ਬਚਿੱਤਰ ਸਿੰਘ, ਦੁਸ਼ਮਣ ਦੀਆਂ ਫ਼ੌਜਾਂ ਨੂੰ ਭਾਜੜਾਂ ਪਾ ਦਿੰਦਾ ਹੈ। ਇਹ ਸੀ 'ਸਵਾ ਲਾਖ ਸੇ ਏਕ ਲੜਾਊਂ' ਅਤੇ ਚੜ੍ਹਦੀ ਕਲਾ ਦਾ ਪ੍ਰਤੱਖ ਦ੍ਰਿਸ਼।

ਸਰਸਾ ਨਦੀ ਪਾਰ ਕਰਦਿਆਂ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਤਾਂ ਵਿਛੜ ਜਾਂਦੇ ਹਨ, ਲੱਖਾਂ ਮੁਗ਼ਲ ਫ਼ੌਜਾਂ ਪਿੱਛਾ ਕਰਦੀਆਂ ਵਹੀਰ ਨੂੰ ਆਣ ਘੇਰਦੀਆਂ ਹਨ, ਪਰ ਮੁੱਠੀ ਭਰ ਸਿੰਘਾਂ ਸਮੇਤ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਵਿਚ ਡੇਰਾ ਜਮਾ ਕੇ ਦੁਸ਼ਮਣ ਦਾ ਟਾਕਰਾ ਕਰਨ ਲੱਗ ਪੈਂਦੇ ਹਨ। ਇਹ ਸੀ ਚੜ੍ਹਦੀ ਕਲਾ ਦੀ ਹੋਂਦ।

ਵੱਡੇ ਸਾਹਿਬਜ਼ਾਦੇ ਚਮਕੌਰ ਦੀ ਲੜਾਈ ਵਿਚ ਸ਼ਹੀਦ ਹੋ ਜਾਂਦੇ ਹਨ, ਛੋਟੇ ਸਾਹਿਬਜ਼ਾਦੇ ਸਰਹੰਦ ਦੀਆਂ ਨੀਹਾਂ ਵਿਚ ਜਿਉਂਦੇ ਹੀ ਚਿਣੇ ਜਾਂਦੇ ਹਨ, ਮਾਤਾ ਜੀ ਅਤੇ ਹੋਰ ਬੇਅੰਤ ਸਿੰਘ ਸ਼ਹੀਦੀਆਂ ਪਾ ਜਾਂਦੇ ਹਨ, ਗੁਰੂ ਜੀ ਅਕਾਲ ਪੁਰਖ ਦੇ ਭਾਣੇ ਅੰਦਰ ਅਡੋਲ ਰਹਿੰਦੇ ਹਨ, ਖਾਲਸੇ ਦੇ ਹੁਕਮ ਨੂੰ ਸਿਰ ਮੱਥੇ ਤੇ ਮੰਨਦੇ ਹੋਏ ਚਮਕੌਰ ਦੀ ਗੜ੍ਹੀ ਵਿਚੋਂ ਨਿਕਲਣ ਲਈ ਤਿਆਰ ਹੋ ਜਾਂਦੇ ਹਨ ਅਤੇ ਆਪੇ ਗੁਰ, ਆਪੇ ਚੇਲਾ ਦਾ ਸਬੂਤ ਪੇਸ਼ ਕਰਦੇ ਹਨ। ਗੜ੍ਹੀ ਵਿਚੋਂ ਨਿਕਲਣ ਸਮੇਂ ਸੂਰਬੀਰਤਾ ਨੂੰ ਪ੍ਰਗਟਾਉਂਦੇ ਹੋਏ ਤਾੜੀ ਮਾਰ ਕੇ ਅਤੇ ਦੁਸ਼ਮਣ ਨੂੰ ਲਲਕਾਰ ਕੇ ਜਾਂਦੇ ਹਨ। ਇਹ ਸੀ ਚੜ੍ਹਦੀ ਕਲਾ ਦੀ ਮੂੰਹ ਬੋਲਦੀ ਤਸਵੀਰ।

ਬੇਅੰਤ ਸਿੰਘ ਸਿੰਘਣੀਆਂ ਸ਼ਹੀਦ ਹੋ ਜਾਂਦੇ ਹਨ। ਗੁਰੂ ਜੀ ਨੰਗੇ ਪੈਰੀਂ, ਪਾਟੇ ਕੱਪੜੀਂ, ਮਾਛੀਵਾੜੇ ਦੇ ਜੰਗਲਾਂ ਵਿਚ ਸੁੱਤੇ ਪਏ ਹਨ, ਚੇਹਰੇ ਤੇ ਨੂਰ ਉਸੇ ਤਰ੍ਹਾਂ ਚਮਕ ਰਿਹਾ ਹੈ ਜਿਵੇਂ ਅਨੰਦਪੁਰ ਸਾਹਿਬ ਤਖ਼ਤ ਤੇ ਬੈਠਿਆਂ, ਕੋਈ ਗ਼ਮ ਨਹੀਂ। 'ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ' ਦੀ ਪ੍ਰਤੱਖ ਤਸਵੀਰ, ਚੜ੍ਹਦੀ ਕਲਾ ਦਾ ਸਬੂਤ।

ਪਿਤਾ ਸ਼ਹੀਦ ਹੋ ਗਿਆ, ਮਾਤਾ ਸ਼ਹੀਦ ਹੋ ਗਈ, ਬੱਚੇ ਸ਼ਹੀਦ ਹੋ ਗਏ, ਆਪਣੀ ਜਾਨ ਨਾਲੋਂ ਵੀ ਵੱਧ ਪਿਆਰੇ ਦੁਲਾਰੇ ਸਿੰਘ ਸ਼ਹੀਦ ਹੋ ਗਏ, ਅਨੰਦਪੁਰ ਸਾਹਿਬ ਛੱਡ ਆਏ, ਡੋਲੇ ਨਹੀਂ, ਪੂਰਨ ਪੁਰਖ ਉਸੇ ਤਰ੍ਹਾਂ ਹੀ ਚੜ੍ਹਦੀ ਕਲਾ ਵਿਚ ਰਹੇ। ਦਿੱਲੀ ਦੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਫ਼ਤਹਿ ਦੇ ਖ਼ਤ (ਜ਼ਫ਼ਰਨਾਮਾ) ਵਿਚ ਲਿਖਦੇ ਹਨ ਕਿ ਕੀ ਹੋਇਆ ਜੋ ਮੇਰੇ ਚਾਰ ਪੁੱਤਰ ਸ਼ਹੀਦ ਹੋ ਗਏ ਹਨ? ਹਾਲੇ ਕੁੰਡਲਾਂ ਵਾਲਾ ਫ਼ਨੀਅਰ ਸੱਪ (ਭਾਵ, ਖ਼ਾਲਸਾ) ਜਿਉਂਦਾ ਹੈ। ਇਹ ਸੀ ਚੜ੍ਹਦੀ ਕਲਾ ਦੀ ਵੰਗਾਰ।

ਵੱਡੇ ਘੱਲੂਘਾਰੇ ਵਿਚ ਇਕ ਹੀ ਦਿਨ ਤੀਹ ਹਜ਼ਾਰ ਤੋਂ ਵੱਧ ਸਿੰਘ ਸਿੰਘਣੀਆਂ ਤੇ ਬੱਚੇ ਸ਼ਹੀਦ ਹੋ ਜਾਂਦੇ ਹਨ। ਸੂਰਜ ਡੁੱਬਣ ਤੇ ਆਪੋ ਆਪਣੇ ਸ਼ਹੀਦਾਂ ਦੀ ਪੜਤਾਲ ਕੀਤੀ ਜਾਂਦੀ ਹੈ, ਇਕ ਬਜ਼ੁਰਗ ਟਿੱਬੇ ਤੇ ਚੜ੍ਹ ਕੇ ਉਛਲਦਾ ਹੋਇਆ ਕਹਿੰਦਾ ਹੈ ਕਿ ਦੁੱਖ ਦੀ ਭੱਠੀ ਵਿਚੋਂ ਖਾਲਸਾ ਕੁੰਦਨ ਹੋ ਕੇ ਨਿਕਲੇਗਾ। ਇਹ ਸੀ ਚੜ੍ਹਦੀ ਕਲਾ ਦਾ ਅਟੁੱਟ ਵਿਸ਼ਵਾਸ।

ਮੀਰ ਮੰਨੂੰ ਨੇ ਸਿੱਖਾਂ ਦਾ ਕਤਲੇ-ਆਮ ਸ਼ੁਰੂ ਕਰ ਦਿੱਤਾ, ਪਰ ਅਕਾਲ ਪੁਰਖ ਦੇ ਭਾਣੇ ਵਿਚ ਰਹਿੰਦੇ ਹੋਏ ਸਿੰਘ ਇਉਂ ਗਾਉਂਦੇ ਰਹੇ -

***ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ।***
***ਜਿਉਂ ਜਿਉਂ ਮੰਨੂੰ ਵੱਢਦਾ, ਅਸੀਂ ਦੂਣੇ ਚੌਣੇ ਹੋਏ।***

ਇਹ ਸੀ ਚੜ੍ਹਦੀ ਕਲਾ ਦਾ ਪ੍ਰਗਟਾਵਾ। ਦੋਵੇਂ ਛੋਟੇ ਸਾਹਿਬਜ਼ਾਦੇ ਨੀਹਾਂ ਵਿਚ ਚਿਣੇ ਜਾ ਰਹੇ ਹਨ, ਦੀਵਾਰ ਗੋਡਿਆਂ ਤੀਕ ਆਉਂਦੀ ਹੈ, ਗੋਡਾ ਅੜਨ ਕਾਰਨ ਦੀਵਾਰ ਨੂੰ ਵਿੰਗੀ ਹੋਣ ਤੋਂ ਬਚਾਉਣ ਲਈ ਰਾਜ ਮਿਸਤ੍ਰੀ ਇੱਟ ਨੂੰ ਭੰਨਣ ਲਗਦਾ ਹੈ, ਪਰ ਜ਼ਾਲਮ ਹਾਕਮ ਵਲੋਂ ਇੱਟ ਨੂੰ ਘੜਨ ਦੀ ਥਾਂ ਮਾਸੂਮ ਬੱਚਿਆਂ ਦੇ ਗੋਡਿਆਂ ਦੀਆਂ ਚੱਪਣੀਆਂ ਉਤਾਰ ਦੇਣ ਦਾ ਹੁਕਮ ਹੁੰਦਾ ਹੈ। ਸ਼ੇਰ ਬੱਚੇ ਡੋਲਦੇ ਨਹੀਂ, ਘਬਰਾਉਂਦੇ ਨਹੀਂ, ਅਡੋਲ ਰਹਿ ਕੇ ਧਰਮ ਉੱਤੇ ਕਾਇਮ ਰਹਿੰਦੇ ਹਨ, ਜ਼ੁਲਮ ਨੂੰ ਖਿੜੇ ਮੱਥੇ ਸਹਾਰਦੇ ਹਨ, ਚੜ੍ਹਦੀ ਕਲਾ ਵਿਚ ਰਹਿੰਦੇ ਹੋਏ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਈ ਜਾਂਦੇ ਹਨ।

ਭਾਈ ਮਤੀ ਦਾਸ ਨੂੰ ਲੱਕੜ ਵਾਂਗ ਆਰੇ ਨਾਲ ਚੀਰਿਆ ਜਾ ਰਿਹਾ ਹੈ, ਭਾਈ ਤਾਰੂ ਸਿੰਘ ਦੀ ਰੰਬੀ ਨਾਲ ਖੋਪਰੀ ਉਤਾਰੀ ਜਾ ਰਹੀ ਹੈ, ਭਾਈ ਮਨੀ ਸਿੰਘ ਦਾ ਬੰਦ ਬੰਦ ਕੱਟਿਆ ਜਾ ਰਿਹਾ ਹੈ, ਸਿੰਘਾਂ ਨੂੰ ਚਰਖੜੀਆਂ ਤੇ ਚਾੜ੍ਹਿਆ ਜਾ ਰਿਹਾ ਹੈ, ਮਾਸੂਮ ਬੱਚਿਆਂ ਦੇ ਟੋਟੇ ਕਰ ਕੇ ਮਾਵਾਂ ਦੀਆਂ ਝੋਲੀਆਂ ਵਿਚ ਪਾਏ ਜਾ ਰਹੇ ਹਨ ਅਤੇ ਬੱਚਿਆਂ ਦੀਆਂ ਆਂਦਰਾਂ ਦੇ ਹਾਰ ਮਾਵਾਂ ਦੇ ਗਲਾਂ ਵਿਚ ਪਾਏ ਜਾ ਰਹੇ ਹਨ, ਸਿੰਘਾਂ ਦੇ ਸਿਰ ਕੱਟ ਕੇ ਨੇਜਿਆਂ ਉੱਤੇ ਟੰਗੇ ਜਾ ਰਹੇ ਹਨ, ਗੁਰੂ ਪਿਆਰੇ ਡੋਲਦੇ ਨਹੀਂ, ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਂਦੇ ਹਨ ਅਤੇ ਅੰਤ ਸਮੇਂ ਤਕ ਚੜ੍ਹਦੀ ਕਲਾ ਵਿਚ ਰਹਿੰਦੇ ਹਨ।

ਘਰ ਘਾਟ ਕੋਈ ਨਹੀਂ ਰਿਹਾ, ਬਹੁਤੀ ਦੇਰ ਲੰਗਰ ਮਸਤ ਰਹਿੰਦਾ ਹੈ, ਆਏ ਦਿਨ ਜ਼ਾਲਮਾਂ ਨਾਲ ਲੋਹਾ ਲੈਣਾ ਪੈਂਦਾ ਹੈ। ਹਿੰਦੁਸਤਾਨ ਤੋਂ ਲੁੱਟ ਦਾ ਮਾਲ ਗਜ਼ਨੀ ਨੂੰ ਲਿਜਾਂਦੇ ਹੋਏ ਅਹਿਮਦਸ਼ਾਹ ਅਬਦਾਲੀ ਦੀਆਂ ਫ਼ੌਜਾਂ ਤੇ ਜਾ ਧਾਵਾ ਬੋਲਦੇ ਹਨ, ਕਾਬਲ ਦੀ ਸਰਹੱਦ ਤੱਕ ਪਹੁੰਚਦੇ-ਪਹੁੰਚਦੇ ਸਾਰਾ ਭਾਰ ਹੌਲਾ ਕਰ ਦਿੰਦੇ ਹਨ। ਜਿਸ ਅਬਦਾਲੀ ਦੇ ਅੱਗੇ ਸਾਰਾ ਭਾਰਤ ਮਿਆਉਂ-ਮਿਆਉਂ ਕਰਦਾ ਰਿਹਾ, ਗੁਰੂ ਦੇ ਬਹਾਦਰ ਸਿੰਘ ਉਸ ਦੇ ਨੱਕ ਵਿਚ ਦਮ ਕਰਦੇ ਰਹੇ ਅਤੇ ਆਪਣੀ ਚੜ੍ਹਦੀ ਕਲਾ ਦਾ ਪ੍ਰਤੱਖ ਸਬੂਤ ਦਿੰਦੇ ਰਹੇ।

ਚੜ੍ਹਦੀ ਕਲਾ ਨੂੰ ਬਰਕਰਾਰ ਰੱਖਣ ਲਈ ਅਤੇ ਨਵੀਂ ਪਨੀਰੀ ਨੂੰ ਚੜ੍ਹਦੀ ਕਲਾ ਲਈ ਉਤਸ਼ਾਹਤ ਕਰਨ ਲਈ

ਗੁਰੂ ਕੇ ਸਿੰਘਾਂ ਦੇ ਬੋਲੇ ਭੀ ਚੜ੍ਹਦੀ ਕਲਾ ਵਾਲੇ ਹੀ ਬਣ ਗਏ। ਸਿੰਘਾਂ ਦੇ ਮੁੱਖ ਵਿਚੋਂ ਨਿਕਲਦਾ ਹਰ ਸ਼ਬਦ ਵਿਲੱਖਣ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਬਣ ਗਿਆ। ਉਹ ਨਾਅਰੇ ਨੂੰ ਜੈਕਾਰਾ, ਡੰਡੇ ਨੂੰ ਸਲੋਤਰਾ, ਦੁੱਧ ਨੂੰ ਸਮੁੰਦਰ, ਸਾਗ ਨੂੰ ਸਬਜ਼ੀ ਪਲਾਓ, ਰੋਟੀ ਨੂੰ ਪਰਸ਼ਾਦਾ, ਛੋਲਿਆਂ ਨੂੰ ਬਦਾਮ, ਕੜਾਹ ਨੂੰ ਮਹਾਂ ਪ੍ਰਸ਼ਾਦ, ਪਗੜੀ ਨੂੰ ਦਸਤਾਰ, ਕਿਰਪਾਨ ਨੂੰ ਜਿਗੋ ਸਾਹਿਬ, ਟਕੂਏ ਨੂੰ ਸਫ਼ਾਜੰਗ, ਮੁੰਡੇ ਨੂੰ ਭੁਝੰਗੀ, ਕੁੜੀ ਨੂੰ ਭੁਝੰਗਣ, ਇਸਤ੍ਰੀ ਨੂੰ ਸਿੰਘਣੀ, ਮਰਦ ਨੂੰ ਸਿੰਘ (ਸ਼ੇਰ), ਅੰਨ੍ਹੇ ਨੂੰ ਸੂਰਮਾ, ਕਾਣੇ ਨੂੰ ਲਖਨੇਤਰਾ, ਲੰਗੜੇ ਨੂੰ ਸੁਚਾਲਾ, ਲੁੰਜੇ ਨੂੰ ਲਖਬਾਹਾ, ਮਰ ਜਾਣ ਨੂੰ ਚੜਾਈ ਕਰ ਗਿਆ, ਫਾਕੇ ਨੂੰ ਮਸਤ ਲੰਗਰ, ਆਪਣੇ ਆਪ ਨੂੰ ਫ਼ੌਜ ਜਾਂ ਫ਼ੌਜਾਂ ਕਹਿੰਦੇ ਅਤੇ ਹੀਣਤਾ ਭਾਵ ਨੂੰ ਨੇੜੇ ਜੰਗਲਾਂ ਪਹਾੜਾਂ ਵਿਚ ਖ਼ਾਨਾ-ਬਦੋਸ਼ਾਂ ਵਾਂਗ ਰਹਿੰਦੇ, ਜੰਗਾਂ-ਜੁੱਧਾਂ ਦੀਆਂ ਕਠਨਾਈਆਂ ਸਹਿੰਦੇ, ਭੁੱਖਣ ਭਾਣੇ, ਪਾਟੇ ਕੱਪੜੀਂ ਵਿਚਰਦੇ, ਜ਼ੁਲਮ ਦਾ ਟਾਕਰਾ ਕਰਦੇ, ਸ਼ੇਰਾਂ ਵਾਂਗ ਕਿਸੇ ਨੂੰ ਨੇੜੇ ਨਾ ਫਟਕਣ ਦਿੰਦੇ, ਭੁਬਕਾਂ ਮਾਰਦੇ, ਜੈਕਾਰੇ ਗਜਾਉਂਦੇ, ਨਗਾਰੇ ਵਜਾਉਂਦੇ, ਇਕ ਦੂਜੇ ਨੂੰ ਫ਼ਤਹਿ ਬੁਲਾਉਂਦੇ, ਹਰ ਵੇਲੇ ਚੜ੍ਹਦੀ ਕਲਾ ਵਿਚ ਰਹਿੰਦੇ ਹੋਏ ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਉਂਦੇ ਰਹੇ। ਆਪਣੇ ਸਿੱਖੀ ਬਾਣੇ ਨੂੰ ਲਾਜ ਨਾ ਲਾਈ, ਦੁਨੀਆ ਦੇ ਝੂਠੇ ਲਾਲਚਾਂ ਵਿਚ ਫਸ ਕੇ ਧਰਮ ਨਹੀਂ ਹਾਰਿਆ, ਸਾਬਤ ਸੂਰਤ ਰਹੇ, ਆਪਣੇ ਤਾਜ (ਦਸਤਾਰ) ਨੂੰ ਦਾਗ ਨਾ ਲੱਗਣ ਦਿੱਤਾ, ਸਰਦਾਰੀ ਬਰਕਰਾਰ ਰੱਖੀ। ਇਹ ਸਾਰਾ ਸਦਕਾ ਸੀ ਨਿਰਭਉ ਅਕਾਲ ਪੁਰਖ ਨੂੰ ਜਪਣ ਦਾ, ਨਾਮ ਸਿਮਰਨ ਦਾ, ਅੰਮ੍ਰਿਤ-ਰਸ ਪੀਣ ਦਾ, ਅੰਮ੍ਰਿਤ-ਮਈ ਬਾਣੀ ਪੜ੍ਹਨ, ਸੁਣਨ, ਗਾਉਣ ਅਤੇ ਗੁਰਬਾਣੀ ਅਨੁਸਾਰ ਜੀਵਨ ਜੀਉਣ ਦਾ, ਹਾਂ ਜੀ!

ਇਹ ਸਦਕਾ ਸੀ ਖੰਡੇ ਦੀ ਪਾਹੁਲ ਲੈਣ ਦਾ, ਰਹਿਤ ਬਹਿਤ ਵਿਚ ਪੱਕੇ ਰਹਿਣ ਦਾ। ਕੁਰਹਿਤਾਂ ਤੋਂ ਬਚੇ ਰਹਿਣ ਦਾ, ਸਾਬਤ ਸੂਰਤ ਤੇ ਸਿਰ ਦਸਤਾਰ ਰੱਖਣ ਦਾ, ਆਪਣੇ ਗੁਰੂ ਦੇ ਹੁਕਮਾਂ ਨੂੰ ਸੱਤ ਕਰਕੇ ਮੰਨਣ ਦਾ, ਮਨਮੁਖ ਤੋਂ ਗੁਰਮੁਖਿ ਬਣਨ ਦਾ, ਸੱਚਿਆਰ ਸਿੱਖ, ਅਰਥਾਤ ਖਾਲਸੇ ਹੋਣ ਦਾ, ਸਿੰਘਾਂ ਦੀ ਚੜ੍ਹਦੀ ਕਲਾ, ਗੁਰੂ ਕੇ ਦੁਲਾਰਿਆਂ ਦੀ ਚੜ੍ਹਦੀ ਕਲਾ, ਜੁਗੋ ਜੁਗ ਚੜਦੀ ਕਲਾ, ਚੜ੍ਹਦੀ ਕਲਾ, ਚੜ੍ਹਦੀ ਕਲਾ, ਚੜ੍ਹਦੀ ਕਲਾ। ਨਾਨਕ ਨਾਮ ਚੜ੍ਹਦੀ ਕਲਾ... ਨਾਨਕ ਨਾਮ ਚੜ੍ਹਦੀ ਕਲਾ ...।

***(ਪੰਨਾ 20 ਦੀ ਬਾਕੀ)***

ਕੋਈ ਸਰੀਰਕ ਕਸ਼ਟ ਅਸਰ-ਅੰਦਾਜ਼ ਨਹੀਂ ਸੀ ਹੋ ਸਕਦਾ। ਕਿਉਂਕਿ -

***ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ॥੯॥***
***ਅੰਗ - ੩੨੦***

ਸ੍ਰੀ ਗੁਰੂ ਅਰਜਨ ਦੇਵ ਜੀ ਉਸੇ ਤਰ੍ਹਾਂ ਇਕ ਵਿਸ਼ਵ-ਸ਼ਹੀਦ ਦਾ ਸਥਾਨ ਰਖਦੇ ਹਨ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ-ਧਰਮ-ਗ੍ਰੰਥ ਹੋਣ ਦਾ, ਅਤੇ ਹਰਿਮੰਦਰ ਸਾਹਿਬ ਅੰਮ੍ਰਿਤਸਰ, ਸਾਰੀ ਮਨੁੱਖਤਾ ਨੂੰ ਸਰਬ-ਸਾਂਝੇ ਪਿਤਾ ਨਿਰੰਕਾਰ ਨਾਲ ਜੋੜਨ ਵਾਲਾ ਵਿਸ਼ਵ-ਸਥਾਨ ਹੋਣ ਦਾ।

ਆਦਿ ਗ੍ਰੰਥ ਸਾਹਿਬ ਸੰਸਾਰ ਭਰ ਦੇ ਅਧਿਆਤਮਕ ਖੇਤਰ ਅੰਦਰ ਪਸਰੀ ਅਨੇਕਤਾ ਨੂੰ ਏਕਤਾ ਪ੍ਰਦਾਨ ਕਰਦਾ ਹੈ, ਮਨੁਖਤਾ ਅੰਦਰ ਆਪੋ ਵਿਚਲੇ ਭੇਦ-ਭਾਵ ਮਿਟਾ ਕੇ, ਸਭ ਕਿਸੇ ਨੂੰ ਨਿਰੰਕਾਰੀ ਵਿਰਸੇ ਦਾ ਇਕ-ਸਮਾਨ ਸਾਂਝੀਵਾਲ ਹੋਣਾ ਦ੍ਰਿੜ੍ਹਾਉਂਦਾ ਅਤੇ ਨਿਰੰਕਾਰ ਨਾਲ ਇਕ-ਸੁਰਤਾ ਪ੍ਰਾਪਤ ਕਰਾਉਂਦਾ ਹੈ। ਜਾਗਤ ਜੋਤਿ ਸ਼ਬਦ-ਗੁਰੂ ਦਾ ਹਰਿਮੰਦਰ ਸਾਹਿਬ ਅੰਮ੍ਰਿਤਸਰ ਅੰਦਰ ਪ੍ਰਕਾਸ਼ ਅਤੇ ਏਥੋਂ ਕੀਰਤਨ ਰੂਪ ਵਿਚ ਗੁਰੂ ਬਾਣੀ ਦੀਆਂ ਨਿਰੰਤਰ ਝਿਮਝਿਮ ਵਰਸਦੀਆਂ ਅੰਮ੍ਰਿਤ-ਬੂੰਦਾਂ, ਮਨੁੱਖ ਮਾਤਰ ਨੂੰ, ਭਾਵੇਂ ਉਹ ਕਿਸੇ ਦੇਸ਼, ਵਰਣ ਜਾਂ ਧਰਮ ਵਿਚ ਸ਼ਰਧਾ ਰਖਦਾ ਹੋਵੇ, ਨਿਰੰਕਾਰ ਦੇ ਅਨੁਭਵੀ ਦਰਸ਼ਨ ਕਰਾਉਂਦੀਆਂ ਅਤੇ ਨਾਮ-ਰਸ ਅੰਦਰ ਖੀਵਾ ਕਰਦੀਆਂ ਹਨ।

ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਮੁੱਚੀ ਮਨੁੱਖਤਾ ਲਈ ਇਕ ਅਦੁੱਤੀ ਮਿਸਾਲ ਹੋ ਦਿਸਦੀ ਹੈ ਨਾਮ ਰਸ ਅੰਦਰ ਖੀਵੇ ਹੋ ਚੁਕੇ ਮਨੁੱਖ ਦੇ ਅਜਰ ਨੂੰ ਜਾਣ ਸਕਣ ਅਤੇ ਅਬਦੀ ਜੀਵਨ ਪ੍ਰਾਪਤ ਕਰਨ ਦੀ -

***ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ॥੨॥੧੭॥ ਅੰਗ - ੫੫੫***

ਇਸ ਤਰ੍ਹਾਂ ਆਦਿ ਗ੍ਰੰਥ ਦੀ ਸੰਪਾਦਨਾ, ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਸਿਰਜਨਾ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਜੋ ਇਕ ਆਦਰਸ਼ਕ ਵਿਅਕਤੀ ਦਾ ਚਿੱਤਰ ਪੇਸ਼ ਕਰਦੀ ਹੈ, ਇਹ ਕਿਸੇ ਇਕ ਸਮਾਜ, ਦੇਸ਼ ਤੇ ਮਜ਼ਹਬੀ ਅਕੀਦੇ ਦੀ ਉਲੀਕਣਾ ਨਹੀਂ ਕਰਦੇ, ਸਗੋਂ ਇਹ ਸਤਿਗੁਰਾਂ ਦਾ ਸਮੁੱਚੇ ਸੰਸਾਰ ਪ੍ਰਤੀ ਇਕ ਮਹਾਨ ਰਿਣ ਹੈ।

# ਭਾਈ ਕਲਿਆਣਾ ਜੀ

*[ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ.]*

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਵਡਿਆਈ ਕਰ ਰਹੇ ਸਨ ਕਿ ਤੀਰਥਾਂ ਵਿਚੋਂ ਤੀਰਥ ਗੁਰੂ ਜੀ ਦਾ ਰਚਿਆ ਹੋਇਆ ਤੀਰਥ ਹੈ, ਜਿਸਦਾ ਮਹਾਤਮ ਸਭ ਤੋਂ ਵੱਡਾ ਹੈ। ਗੁਰੂਆਂ ਵਿਚੋਂ ਗੁਰੂ ਨਾਨਕ ਜੀ ਹੋਏ ਹਨ, ਜਿਨ੍ਹਾਂ ਦੀ ਗੱਦੀ ਉਤੇ ਸਾਡੇ ਪਿਤਾ ਜੀ ਬਿਰਾਜਮਾਨ ਸਨ। ਜਿੱਥੇ ਪਰਮੇਸ਼ਰ ਨੇ ਆਣ ਕੇ ਵਾਸਾ ਕੀਤਾ ਸੀ, ਇਸ ਤੀਰਥ ਦੇ ਬਰਾਬਰ ਹੋਰ ਕੋਈ ਨਹੀਂ ਹੋਵੇਗਾ। ਇਸ ਤੀਰਥ ਦੀ ਸੇਵਾ ਸਾਡੀ ਸੇਵਾ ਹੋਵੇਗੀ। ਕੋਈ ਸਿੱਖ ਉੱਦਮ ਕਰਕੇ ਪਹਾੜੀ ਰਾਜਿਆਂ ਪਾਸ ਜਾਵੇ ਇਸ ਕਾਰਜ ਵਾਸਤੇ ਧਨ ਲਿਆ ਕੇ ਪਿਤਾ ਜੀ ਦੇ ਹੁਕਮ ਅਨੁਸਾਰ ਇਸ ਦੀ ਸੇਵਾ ਕਰਾਵੇ। ਗੁਰੂ ਜੀ ਦੇ ਇਹ ਬਚਨ ਸੁਣ ਕੇ ਭਾਈ ਸਾਹਿਬ ਕਲਿਆਣਾ ਜੀ ਨੇ ਕਹਿਆ, ਮਹਾਰਾਜ! ਮੇਰੇ ਸਿਰ ਤੇ ਆਪਣਾ ਪਵਿਤ੍ਰ ਬਖਸ਼ਿਸ ਭਰਿਆ ਹੱਥ ਰੱਖੋ, ਤੁਹਾਡੇ ਭਰੋਸੇ ਤੇ ਆਪਣਾ ਕੰਮ ਕਰਕੇ ਆਵਾਂਗਾ। ਗੁਰੂ ਜੀ ਤੋਂ ਥਾਪੜਾ ਤੇ ਅਸ਼ੀਰਵਾਦ ਲੈ ਕੇ ਹਿਮਾਚਲ ਦੇ ਮੰਡੀ ਸ਼ਹਿਰ ਪਹੁੰਚ ਗਿਆ। ਕੁਝ ਦਿਨ ਭਾਈ ਸਾਹਿਬ ਕਲਿਆਣਾ ਜੀ ਗੁਰਬਾਣੀ ਦਾ ਅਤੇ ਗੁਰੂ ਜੀ ਦੀ ਮਹਿਮਾ ਦਾ ਪਰਚਾਰ ਕਰਦੇ ਰਹੇ ਫਿਰ ਮੰਡੀ ਦੇ ਰਾਜੇ ਨੂੰ ਮਿਲਕੇ ਗੁਰੂ ਘਰ ਦੀ ਮਹਿਮਾ ਦੱਸੀ ਅਤੇ ਗੁਰੂ ਜੀ ਦੇ ਬਚਨ ਦੱਸੇ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਿਮਾ ਸੁਣ ਕੇ, ਮੰਡੀ ਦਾ ਰਾਜਾ ਭਾਈ ਕਲਿਆਣਾ ਜੀ ਨਾਲ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਸ੍ਰੀ ਅੰਮ੍ਰਿਤਸਰ ਆਇਆ। ਉਸ ਸਮੇਂ ਗੁਰੂ ਜੀ ਦੇ ਦੀਵਾਨ ਵਿੱਚ ਇਕ ਸਿੱਖ ਦਖਣੀ ਓਅੰਕਾਰ ਦਾ ਪਾਠ ਕਰ ਰਿਹਾ ਸੀ, ਰਾਜੇ ਨੇ ਪਾਠ ਦੀ ਇਹ ਤੁਕ ਸੁਣੀ ਕਿ 'ਲੇਖ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥' ਤਾਂ ਰਾਜੇ ਦੇ ਮਨ ਵਿਚ ਸੰਸਾ ਉਤਪੰਨ ਹੋ ਗਿਆ ਕਿ ਜੇਕਰ ਪਰਮੇਸ਼ਰ ਦਾ ਲਿਖਿਆ ਹੋਇਆ ਲੇਖ ਮਿਟ ਹੀ ਨਹੀਂ ਸਕਦਾ ਤਾਂ ਫਿਰ ਗੁਰੂ ਜੀ ਦੇ ਦਰਸਨ ਕਰਨ ਦਾ ਕੀ ਲਾਭ ਹੈ? ਮੰਡੀ ਦੇ ਰਾਜੇ ਦਾ ਨਾਮ ਹਰੀ ਸੈਣ ਸੀ। ਜਦ ਦੀਵਾਨ ਦੀ ਸਮਾਪਤੀ ਹੋਈ ਤਾਂ ਇਸ ਨੇ ਪੁੱਛਿਆ, ਮਹਾਰਾਜ! ਇਸ ਤੁਕ ਦਾ, ਜੋ ਉਪਰ ਲਿਖੀ ਹੈ, ਕੀ ਮਤਲਬ ਹੈ? ਜੇਕਰ ਲਿਖਿਆ ਮਿਟ ਹੀ ਨਹੀਂ ਸਕਦਾ ਤਾਂ ਤੁਹਾਡੇ ਦਰਸਨ ਦਾ ਅਤੇ ਸਿੱਖ ਬਣਨ ਦਾ ਕੀ ਲਾਭ ਹੈ? ਗੁਰੂ ਜੀ ਨੇ ਕਹਿਆ, ਤੈਨੂੰ ਇਸ ਗੱਲ ਦਾ ਆਪੇ ਹੀ, ਦੋ-ਤਿੰਨ ਦਿਨ ਵਿਚ ਪਤਾ ਲੱਗ ਜਾਏਗਾ।

ਗੁਰੂ ਜੀ ਦੇ ਇਹ ਬਚਨ ਸੁਣਕੇ ਰਾਜਾ ਆਪਣੇ ਡੇਰੇ ਚਲਿਆ ਗਿਆ। ਜਦ ਰਾਜਾ ਰਾਤ ਨੂੰ ਸੁੱਤਾ ਤਾਂ ਉਸਨੇ ਸੁਪਨੇ ਵਿਚ ਵੇਖਿਆ ਕਿ ਉਸ ਦੀ ਮੌਤ ਹੋ ਜਾਂਦੀ ਹੈ ਅਤੇ ਉਸਨੇ ਇਕ ਚੰਡਾਲ ਦੇ ਘਰ ਜਨਮ ਲਿਆ ਹੈ। ਜਵਾਨ ਹੋ ਕੇ ਉਸ ਦਾ ਵਿਆਹ ਹੁੰਦਾ ਹੈ, ਧੀਆਂ ਪੁੱਤਰ ਪੈਦਾ ਹੁੰਦੇ ਹਨ ਅਤੇ ਉਹ ਰਾਜਾ ਵੱਡ ਪਰਿਵਾਰੀ ਹੋ ਜਾਂਦਾ ਹੈ। ਕੁਝ ਸਮਾਂ ਪਾ ਕੇ ਉਸ ਦੀ ਮੌਤ ਹੋ ਜਾਂਦੀ ਹੈ ਅਤੇ ਉਸਦੇ ਘਰ ਵਾਲੇ ਉਸ ਨੂੰ ਦਫਨਾ ਦਿੰਦੇ ਹਨ।

ਰਾਜੇ ਨੂੰ ਇਸ ਸੁਪਨ-ਵਾਰਤਾ ਉਪਰੰਤ ਜਾਗ ਆ ਜਾਂਦੀ ਹੈ, ਉਸਨੂੰ ਇਹ ਸਭ ਸੁਪਨੇ ਦੀ ਘਟਨਾ ਯਾਦ ਕਰਕੇ ਬੜੀ ਹੈਰਾਨਗੀ ਹੁੰਦੀ ਹੈ ਅਤੇ ਉਹ ਵਿਆਕੁਲ ਜਿਹਾ ਹੋ ਜਾਂਦਾ ਹੈ। ਦੂਸਰੇ ਦਿਨ ਰਾਜਾ ਜਦ ਆਪਣੇ ਦਿਲ ਪ੍ਰਚਾਵੇ ਵਾਸਤੇ ਆਪਣੇ ਸਾਥੀਆਂ ਨਾਲ ਸ਼ਿਕਾਰ ਗਿਆ ਤਾਂ ਉਸਨੇ ਇਕ ਹਿਰਨ ਦੇ ਪਿੱਛੇ ਆਪਣਾ ਘੋੜਾ ਦੋੜਾਇਆ। ਹਿਰਨ ਬਹੁਤ ਦੂਰ ਨਿਕਲ ਗਿਆ। ਰਾਜਾ ਕੁਝ ਸਮਾਂ ਸਾਹ ਲੈਣ ਵਾਸਤੇ ਇਕ ਪਿੰਡ ਦੇ ਲਾਗੇ ਇਕ ਬ੍ਰਿਛ ਦੇ ਹੇਠਾਂ ਬੈਠ

ਗਿਆ। ਉੱਥੇ ਬੈਠਾ ਵੇਖ ਕੇ ਇਕ ਆਦਮੀ ਨੇ ਉਸ ਦੇ ਸੁਪਨਈ ਘਰ ਜਾ ਦੱਸਿਆ ਕਿ ਤੁਹਾਡਾ ਆਦਮੀ ਪਿੰਡ ਦੇ ਬਾਹਰ ਇਕ ਬ੍ਰਿਛ ਹੇਠਾਂ ਬੈਠਾ ਹੈ। ਉਸਨੇ ਬੜੇ ਸੋਹਣੇ ਰਾਜਿਆਂ ਵਾਲੇ ਕਪੜੇ ਪਾਏ ਹੋਏ ਹਨ ਅਤੇ ਆਪਣੇ ਪਾਸ ਇਕ ਬੜਾ ਸੁੰਦਰ ਘੋੜਾ ਬੱਧਾ ਹੋਇਆ ਹੈ। ਇਹ ਗੱਲ ਸੁਣਕੇ, ਉਸਦਾ ਪਰਿਵਾਰ ਆਂਢ-ਗੁਆਂਢ, ਜਿਸ ਨੇ ਸੁਣਿਆ, ਸਭ ਉੱਥੇ ਪਹੁੰਚ ਗਏ। ਧੀਆਂ, ਪੁੱਤਰ, ਇਸਤਰੀ ਰਾਜੇ ਨੂੰ ਫੜ ਕੇ ਆਪਣੇ ਘਰ ਜੋਰੋ-ਜੋਰੀ ਲੈ ਗਏ। ਉਸਦੀ ਇਕੱਲੇ ਦੀ ਪੇਸ਼ ਨਾ ਜਾਵੇ। ਉਹ ਬੜਾ ਘਬਰਾ ਗਿਆ। ਜਦੋਂ ਉਹ ਸੁਪਨਾ ਯਾਦ ਕਰਦਾ ਹੈ ਤਾਂ ਉਸਨੂੰ ਪ੍ਰਤੀਤ ਹੁੰਦਾ ਹੈ ਕਿ ਮੈਂ ਇਥੇ ਹੀ ਰਹਿੰਦਾ ਸੀ, ਮੇਰਾ ਵਿਆਹ ਪਰਿਵਾਰ ਵੀ ਓਹੀ ਹੈ ਅਤੇ ਮੇਰੀ ਇਸੇ ਥਾਂ ਤੇ ਮੌਤ ਹੋਈ ਹੈ। ਦੂਜੇ ਪਾਸੇ ਸੁਪਨਾ ਵੀ ਸਾਹਮਣੇ ਆ ਕੇ ਨਜਾਰਾ ਪੇਸ਼ ਕਰ ਰਿਹਾ ਹੈ, ਬੜਾ ਵਚਿੱਤਰ ਅਚੰਭਾ ਮਨ ਨੂੰ ਮਹਿਸੂਸ ਹੋ ਰਿਹਾ ਹੈ, ਬੜੀ ਮੁਸ਼ਕਿਲ ਵਿਚ ਫਸਿਆ ਹੈ। ਉਹ ਬੜਾ ਘਬਰਾ ਗਿਆ ਅਤੇ ਅਤਿਅੰਤ ਦੁਖੀ ਹੋ ਕੇ ਆਪਣੇ ਮਨ ਅੰਦਰ ਹੀ ਗੁਰੂ ਜੀ ਅੱਗੇ ਅਰਦਾਸਾਂ ਕਰਨ ਲੱਗਾ ਕਿ ਗੁਰੂ ਜੀ! ਮੈਨੂੰ ਇਸ ਫਾਹੀ ਵਿਚੋਂ ਬਚਾਓ! ਮੈਂ ਤੁਹਾਡੀ ਸਰਣ ਆਇਆ ਹਾਂ ਤੇ ਮੈਨੂੰ ਇਹ ਬਿਪਤਾ ਪੈ ਗਈ ਹੈ, ਮੈਨੂੰ ਇਸ ਤੋਂ ਬਚਾਓ। ਬਹੁਤ ਯਾਦ ਕਰ ਰਿਹਾ ਸੀ ਤਾਂ ਅੰਤਰਜਾਮੀ ਸਤਿਗੁਰੂ ਜੀ, ਜੋ ਰਾਜੇ ਦਾ ਇਹ ਕੌਤਕ ਰਚਨਹਾਰ ਸਨ, ਸ਼ੀਘਰ ਹੀ ਅਪਣੇ ਨਿਕਟਵਰਤੀ ਸਿੱਖਾਂ ਨੂੰ ਲੈ ਕੇ ਉੱਥੇ ਪਹੁੰਚ ਗਏ।

ਕਾਫੀ ਲੋਕ ਇਕੱਠੇ ਹੋਏ ਸਨ, ਗੁਰੂ ਜੀ ਵੀ ਉਸ ਥਾਂ ਤੇ ਪਹੁੰਚ ਗਏ, ਗੁਰੂ ਜੀ ਨੇ ਉਨ੍ਹਾਂ ਚੰਡਾਲ ਲੋਕਾਂ ਨੂੰ ਪੁੱਛਿਆ ਕਿ ਤੁਸੀਂ ਇਸ ਨੂੰ ਕਿਉਂ ਫੜਿਆ ਹੋਇਆ ਹੈ? ਤਾਂ ਉਨ੍ਹਾਂ ਨੇ ਦੱਸਿਆ ਕਿ ਅਸੀਂ ਇਸਦੇ ਧੀਆਂ ਪੁੱਤਰ ਹਾਂ, ਇਹ ਸਾਡਾ ਪਿਉ ਹੈ, ਜੋ ਦੋ ਦਿਨ ਪਹਿਲਾਂ ਮਰ ਗਿਆ ਸੀ। ਅਸੀਂ ਇਸ ਨੂੰ ਕਬਰ ਵਿਚ ਦੱਬ ਆਏ ਸੀ, ਉਥੋਂ ਇਹ ਨਿਕਲ ਕੇ ਸੋਹਣੇ ਸੋਹਣੇ ਕੱਪੜੇ ਪਾ ਕੇ ਉੱਥੇ ਬੈਠਾ ਸੀ, ਅਸੀਂ ਇਸ ਨੂੰ ਪੱਕੜ ਕੇ ਘਰ ਲੈ ਆਏ ਹਾਂ, ਸਾਡੀ ਇਹ ਕੋਈ ਗਲ ਸੁਣ ਕੇ ਰਾਜੀ ਨਹੀਂ, ਸਾਨੂੰ ਮੰਨਦਾ ਹੀ ਨਹੀਂ ਹੈ। ਉਨ੍ਹਾਂ ਚੰਡਾਲਾਂ ਦੀ ਸਾਰੀ ਗੱਲ ਸੁਣਕੇ ਸਤਿਗੁਰੂ ਜੀ ਨੇ ਕਿਹਾ ਕਿ ਇਹ ਤੁਹਾਡਾ ਪਿਓ ਨਹੀਂ ਹੈ, ਕਿਉਂਕਿ ਇਸ ਦੀ ਸ਼ਕਲ-ਸੂਰਤ ਤੁਹਾਡੇ ਪਿਓ ਨਾਲ ਮਿਲਦੀ-ਜੁਲਦੀ ਹੈ, ਤੁਹਾਨੂੰ ਭੁਲੇਖਾ ਲੱਗਾ ਹੈ। ਤੁਸੀਂ ਆਪਣੇ ਪਿਓ ਦੀ ਕਬਰ ਪੁਟ ਕੇ ਵੇਖ ਲਵੋ। ਜਦੋਂ ਕਬਰਸਤਾਨ ਵਿਚ ਸਭ ਗਏ ਅਤੇ ਕਬਰ ਨੂੰ ਪੁਟਿਆ ਤਾਂ ਉਨ੍ਹਾਂ ਦੇ ਪਿਓ ਦੀ ਲਾਸ਼ ਕਬਰ ਵਿਚ ਸੀ। ਸਭ ਹੈਰਾਨ ਹੀ ਹੋ ਗਏ, ਗੁਰੂ ਜੀ ਨੂੰ ਨਮਸਕਾਰ ਕਰਕੇ ਵਾਪਿਸ ਆਪਣੇ-ਆਪਣੇ ਘਰ ਪਹੁੰਚ ਗਏ।

ਇਸ ਤਰ੍ਹਾਂ ਗੁਰੂ ਜੀ ਨੇ ਰਾਜਾ ਦੇ ਮਨ ਦਾ ਸੰਸਾ, ਭੁਲੇਖਾ ਦੂਰ ਕੀਤਾ। ਇਸ ਤਰ੍ਹਾਂ ਜਦ ਰਾਜਾ ਇਹ ਸਭ ਨਜਾਰਾ ਦੇਖ ਕੇ ਬੜਾ ਹੀ ਹੈਰਾਨ ਪਰੇਸ਼ਾਨ ਜਿਹਾ ਮਹਿਸੂਸ ਕਰ ਰਿਹਾ ਸੀ ਕਿ ਜੇ ਗੁਰੂ ਜੀ ਨਾ ਆਉਂਦੇ ਤਾਂ ਮੈਂ ਬਹੁਤ ਵਡੀ ਮੁਸੀਬਤ ਵਿਚ ਫਸ ਜਾਣਾ ਸੀ। ਸਤਿਗੁਰੂ ਜੀ ਨੇ ਹੀ ਮੈਨੂੰ ਖਲਾਸੀ ਬਖਸ਼ੀ ਹੈ। ਰਾਜਾ ਜਦ ਡੇਰੇ ਅੱਪਣ ਗਿਆ ਤਾਂ ਗੁਰੂ ਜੀ ਨੇ ਉਸ ਨੂੰ ਕਿਹਾ, ਰਾਜਨ! ਗੁਰੂ ਨਾਨਕ ਦੇਵ ਜੀ ਦੀ ਸ਼ਰਨ ਆਉਣ ਦਾ ਇਹ ਲਾਭ ਹੋਇਆ ਹੈ ਕਿ ਇਥੋਂ ਮਰ ਕੇ ਜਿਹੜੀ ਤੂੰ ਚੰਡਾਲ ਜੂਨ ਭੋਗਣੀ ਸੀ ਉਹ ਸੁਪਨੇ ਵਿਚ ਹੀ ਸਾਰੀ ਭੋਗ ਲਈ ਹੈ। ਕਰਤਾਰ ਦਾ ਲਿਖਿਆ ਲੇਖ ਵੀ ਨਾ ਮਿਟਿਆ ਅਤੇ ਸਤਿਸੰਗ ਵਿਚ ਆਉਣ ਕਰਕੇ ਉਹ ਭੋਗਿਆਂ ਵੀ ਸੁਪਨੇ ਵਿਚ ਹੀ ਗਿਆ। ਇਹ ਬਚਨ ਸੁਣਕੇ ਰਾਜੇ ਨੇ ਸਤਿਗੁਰੂ ਜੀ ਦੇ ਪਵਿਤ੍ਰ ਚਰਨਾਂ ਤੇ ਮੱਥਾ ਟੇਕਿਆ ਅਤੇ ਗੁਰੂ ਘਰ ਦਾ ਪੱਕਾ ਸੇਵਕ ਬਣ ਕੇ ਪਵਿਤ੍ਰ ਅੰਮ੍ਰਿਤਸਰ ਜੀ ਦੇ ਸਰੋਵਰ ਸਾਹਿਬ ਦੀ ਧਨ ਨਾਲ ਬਹੁਤ ਸੇਵਾ ਕੀਤੀ। ਗੁਰੂ ਜੀ ਨੇ ਸੁਪਨੇ ਵਿਚ ਹੀ ਰਾਜੇ ਦੇ ਸਾਰੇ ਜੀਵਨ ਦੀ ਜੂਨੀ ਦੀ ਖਲਾਸੀ ਕਰ ਦਿਤੀ। ਗੁਰੂ ਜੀ ਦੀ ਵੱਡੀ ਵਡਿਆਈ ਹੈ। ਸਾਡਾ ਪਕਾ ਵਿਸ਼ਵਾਸ ਹੋਣਾ ਚਾਹੀਦਾ ਹੈ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਆਨੰਦਪੁਰ ਨੂੰ ੨੨ ਧਾਰ ਦੇ ਰਾਜਿਆਂ ਅਤੇ ਮੁਗਲ ਔਰੰਗੇ ਦੇ ਸੈਨਿਕਾਂ ਨੇ ਘੇਰਾ ਪਾਇਆ ਸੀ ਤਾਂ ਉਨ੍ਹਾਂ ਵਿਚ ਇਕ ਸਕੇਤ ਮੰਡੀ ਦਾ ਰਾਜਾ ਤੇ ਦੂਜਾ ਨਾਹਨ ਦਾ ਰਾਜਾ, ਮੇਦਨੀ ਪ੍ਰਕਾਸ਼ ਨੇ ਜੁੱਧ ਵਿਚ ਹਿੱਸਾ ਨਹੀਂ ਲਿਆ, ਕਿਉਂਕਿ ਇਹ ਗੁਰੂ ਘਰ ਦੇ ਸ਼ਰਧਾਲੂ ਸਿੱਖ ਹੋਏ ਹਨ। ਗੁਰੂ ਕਰਣ ਕਾਰਣ ਸਮਰੱਥ ਹੈ। ਭੁੱਲ-ਚੁੱਕ ਮਾਫ।

# ਸਹਾਇਤਾ ਆਤਮ ਰੰਗ ਮਈ 2024 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਗੁਰਪੁਰਵਾਸੀ ਬੀਬੀ ਕੁਲਵੰਤ ਕੌਰ, ਸਿੰਘਣੀ ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ, ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਭਾਈ ਨਿਰਮਲਜੀਤ ਸਿੰਘ ਜੀ ਅਤੇ ਡੀ.ਐਸ.ਪੀ. ਸਾਹਿਬ, ਜੀਰਕਪੁਰ | 5,000.00 |
| ◆ ਬਾਬਾ ਜੀ ਨੱਥਮਲਪੁਰ ਸਮਾਗਮ ਤੇ | 5,000.00 |
| ◆ ਸਤਨਾਮ ਸਿੰਘ ਜੀ, ਸੰਨੀ ਇੰਨਕਲੇਵ | 10,000.00 |
| ◆ ਗੌਰਬ ਸ਼ਰਮਾ ਅਤੇ ਇੰਦਰਜੀਤ ਕੌਰ ਜੀ ਅਪਨੇਅਨੰਦ ਕਾਰਜ ਦੀ ਖੁਸ਼ੀ 'ਚ | 11,000.00 |
| ◆ ਐਸ.ਕੇ. ਮੋਟਰਜ, ਚੰਡੀਗੜ੍ਹ | 3,100.00 |
| **ਕੁਲ ਜੋੜ** | **54,100.00** |

## Statement of Income & Expenditure for the Month of May, 2024 of *Atam Rang*

| | |
|---|---|
| 1. M/s Jai Offset Printers | 34,000.00 |
| 2. Cost of Service Stamps | 11,800.00 |
| 3. Cost of envelops & Printing | 12,000.00 |
| 4. Cost of Sticker & Printing | 4,000.00 |
| **Total Expenditure** | **61,800.00** |
| **upto 31.05.2024** | |
| Donation | 54,100.00 |
| Cash in hand | 11,517.00 |
| **Total Income** | **65,617.00** |
| **Expenditure** | **61,800.00** |
| **Income** | **65,617.00** |
| **Difference (Cash in hand)** | **3,817.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 14 ਜੂਨ |
| ਪੂਰਨਮਾਸ਼ੀ | 22 ਜੂਨ |
| ਮੱਸਿਆ | 6 ਜੂਨ |
| ਪੰਚਮੀ | 11 ਜੂਨ |
| ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਜੀ | 10 ਜੂਨ |
| ਪ੍ਰਕਾਸ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 22 ਜੂਨ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

### ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ।

| | | |
|---|---|---|
| **Account Name : ATAM RANG** | **Account Number : 409814300245** | **IFSC Code : RATN0000202** |
| **Bank Name & Address : RBL Bank Limited, Sec. 9 C, Chandigarh** | | |

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਤਮ ਰੰਗ ਦਾ ਜੋ ਪੁਰਾਣਾ ਅਕਾਉਂਟ ਸਟੇਟ ਬੈਂਕ ਆਫ ਇੰਡੀਆ ਵਿੱਚ ਸੀ ਉਹ ਬੰਦ ਹੋ ਗਿਆ ਹੈ, ਅਤੇ ਉਸ ਤੇ ਕਿਸੇ ਵੀ ਤਰ੍ਹਾਂ ਦੀ ਮਾਇਆ ਨਾ ਭੇਜੀ ਜਾਵੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ (ਮੋਬਾਇਲ : 98143-00245)**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*- ਮੁੱਖ ਸੰਪਾਦਕ*

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ”

**ਸ਼ਹੀਦਾ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ**

**ਦੇ ਸ਼ਹੀਦੀ ਪੁਰਬ ਦੇ ਸੰਬੰਧ ਵਿੱਚ**

# ਸਾਲਾਨਾ ਅਖੰਡ ਕੀਰਤਨ ਸਮਾਗਮ

**7 ਜੂਨ, 2024 ਸ਼ੁਕਰਵਾਰ ਸ਼ਾਮ ਤੋਂ 11 ਜੂਨ 2024 ਮੰਗਲਵਾਰ ਤੱਕ**
**ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ, ਹੁਸ਼ਿਆਰਪੁਰ ਵਿਖੇ ਹੋਣਗੇ।**

ਗੁਰੂ ਰੂਪ ਸਾਧ ਸੰਗਤ ਜੀਓ,

ਸ਼ਹੀਦਾ ਦੇ ਸਿਰਤਾਜ, ਸ਼ਾਤੀ ਤੇ ਪੁੰਜ, ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਸਲਾਨਾ ਅਖੰਡ ਕੀਰਤਨ ਸਮਾਗਮ, ਸਰਬ ਹਿੰਦ ਅਖੰਡ ਕੀਰਤਨੀ ਜੱਥਿਆਂ ਵਲੋਂ ਅਤੇ ਲੋਕਲ ਸਭਾ ਸੁਸਾਇਟੀਆਂ ਦੇ ਸਹਿਯੋਗ ਨਾਲ 7 ਜੂਨ 2024 ਸ਼ੁਕਰਵਾਰ ਤੋਂ 11 ਜੂਨ 2024 ਮੰਗਲਵਾਰ ਸਵੇਰੇ ਤੱਕ ਹੇਠ ਦਰਸਾਏ ਪ੍ਰੋਗਰਾਮ ਅਨੁਸਾਰ **ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ, ਹੁਸ਼ਿਆਰਪੁਰ ਵਿਖੇ,** ਬਹੁਤ ਹੀ ਪਿਆਰ ਅਤੇ ਸ਼ਰਧਾ ਨਾਲ ਮਨਾਏ ਜਾ ਰਹੇ ਹਨ। ਸਮੂਹ ਸੰਗਤਾਂ ਨੂੰ ਸਨਿਮਰ ਜੋਦੜੀ ਹੈ ਕਿ ਸਾਰੇ ਸਮਾਗਮ ਵਿੱਚ ਹਾਜਰੀਆਂ ਭਰਕੇ ਕੀਰਤਨ ਦੇ ਲਾਹੇ ਲੈਣੇ ਜੀਓ ਅਤੇ ਮਨ ਤਨ ਧਨ ਨਾਲ ਸੇਵਾ ਕਰਕੇ ਗੁਰੂ ਸਾਹਿਬ ਜੀ ਦੀਆਂ ਅਸੀਸਾਂ ਲੈਣੀਆਂ ਜੀ।

## ਪ੍ਰੋਗਰਾਮ

**7 ਜੂਨ 2024 ਦਿਨ ਸ਼ੁਕਰਵਾਰ**

ਸ਼ਾਮ 7:00 ਤੋਂ 9:00 ਵਜੇ ਤੱਕ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ ਵਿਖੇ ਹੋਣਗੇ।

**8 ਜੂਨ 2024 ਦਿਨ ਸ਼ਨੀਵਾਰ**

ਸਵੇਰੇ 5:00 ਤੋਂ 7:00 ਵਜੇ ਤੱਕ ਅਖੰਡ ਕੀਰਤਨ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ ਵਿਖੇ ਹੋਣਗੇ।

**8 ਜੂਨ 2024 ਦਿਨ ਸ਼ਨੀਵਾਰ ਸ਼ਾਮ 3:00 ਵਜੇ ਨਗਰ ਕੀਰਤਨ ਆਰੰਭ ਹੋਣਗੇ**
**ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ ਤੋਂ**
**9 ਜੂਨ 2024 ਦਿਨ ਐਤਵਾਰ ਸਵੇਰ ਅਤੇ ਸ਼ਾਮ ਅਖੰਡ ਪਾਠ ਸਾਹਿਬ ਸਰਵਣ ਕਰੋ ਜੀ।**

10 ਜੂਨ 2024 ਦਿਨ ਸੋਮਵਾਰ
ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ
ਉਪਰੰਤ ਦਿਵਸ ਸੁਹੇਲਾ
ਦੁਪਿਹਰ 2:00 ਵਜੇ ਤੱਕ

## ਕੀਰਤਨ ਰੈਣ ਸਬਾਈ

10 ਜੂਨ 2024 ਦਿਨ ਸੋਮਵਾਰ
ਸ਼ਾਮ 7:00 ਵਜੇ ਸੋਦਰ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਆਰੰਭ ਹੋਕੇ
11 ਜੂਨ 2024 ਦਿਨ ਮੰਗਲਵਾਰ ਸਵੇਰੇ 4:00 ਵਜੇ ਸਮਾਪਤੀ ਹੋਵੇਗੀ।



## ਅੰਮ੍ਰਿਤ ਸੰਚਾਰ

10 ਜੂਨ 2024 ਦਿਨ ਸੋਮਵਾਰ
ਰਾਤ 8:00 ਵਜੇ
ਗੁਰਦੁਆਰਾ ਧਰਮਸ਼ਾਲਾ ਪ੍ਰੇਮਗੜ੍ਹ ਵਿਖੇ ਆਰੰਭ ਹੋਣਗੇ।

## ਜਰੂਰੀ ਬੇਨਤੀਆਂ

1) ਲੰਗਰ ਅਤੇ ਰਿਹਾਇਸ਼ ਦਾ ਸਾਰਾ ਪ੍ਰਬੰਧ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ ਵਿਖੇ ਹੋਵੇਗਾ ਜੀ।
2) ਅਨੰਦ ਕਾਰਜ ਕਰਵਾਉਣ ਵਾਲੇ ਜੋੜਿਆਂ ਵਾਲੇ ਪਰਿਵਾਰ ਪਹਿਲਾਂ ਸੂਚਿਤ ਕਰਨ ਜੀ।
3) ਕੋਈ ਵੀ ਸੱਜਣ ਪ੍ਰਬੰਧ ਵਿੱਚ ਦਖਲ ਅੰਦਾਜੀ ਕਰਨ ਦੀ ਖੇਚਲ ਨਾ ਕਰੇ ਜੀ।

**ਦਾਸਰੇ: ਅਖੰਡ ਕੀਰਤਨੀ ਜੱਥਾ, ਹੁਸ਼ਿਆਰਪੁਰ**
**ਮੋਬਾਇਲ ਨੰ. 98151-31079 ਅਤੇ 99884-41535, ਫੋਨ ਨੰ. 01882-230345**
**ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ, ਹੁਸ਼ਿਆਰਪੁਰ।**

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਦਿਵਸ ਦਾ

**ਸਾਲਾਨਾ ਕੇਂਦਰੀ ਸਮਾਗਮ**

**ਗੁਰਦੁਆਰਾ ਗੁਰਮਤਿ ਸੰਚਾਰ**

ਭਾਈ ਸਾਹਿਬ ਰਣਧੀਰ ਸਿੰਘ ਟਰੱਸਟ

ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ

4 ਜੁਲਾਈ ਤੋਂ 7 ਜੁਲਾਈ ਸਵੇਰ ਤੱਕ

ਪੰਥ ਦੀ ਸੋਨ ਚਿੜੀ, ਮਹਾਨ ਅਜ਼ਾਦੀ ਘੁਲਾਟੀਏ ਅਖੰਡ ਕੀਰਤਨੀ ਜੱਥੇ ਦੇ ਇਸ ਪ੍ਰੇਮ ਅਖਾੜੇ ਦੇ ਮੋਢੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ 7 ਜੁਲਾਈ 1878 ਨੂੰ ਨਾਰੰਗਵਾਲ ਵਿਖੇ ਜਨਮ ਲਿਆ। ਤਿਨ੍ਹਾਂ ਦੀ ਗੁਰਮਤਿ ਘਾਲ ਕਮਾਈ ਦੀ ਯਾਦ ਨੂੰ ਤਾਜ਼ਾ ਕਰਨ ਹਿੱਤ ਹਰ ਸਾਲ ਦੀ ਤਰ੍ਹਾਂ ਸਾਲਾਨਾ ਸਮਾਗਮ

**ਸ੍ਰੀ ਅਖੰਡ ਪਾਠ ਸਾਹਿਬ 4 ਤੋਂ 6 ਜੁਲਾਈ**

**ਦਿਵਸ ਸੁਹੇਲਾ ਕੀਰਤਨ 6 ਜੁਲਾਈ**

**ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ**
**6 ਜੁਲਾਈ ਸ਼ਾਮ 7 ਵਜੇ ਅਰੰਭ ਹੋਣਗੇ**

ਦੂਰ ਨੇੜੇ ਦੇ ਸਮੂਹ ਨਗਰਾਂ ਦੀਆਂ ਸੰਗਤਾਂ ਪ੍ਰਤੀ ਬਿਨੈ ਹੈ ਹਾਜ਼ਰੀ ਭਰ ਕੇ ਲਾਹੇ ਪ੍ਰਾਪਤ ਕਰੋ ਜੀ। ਰਿਹਾਇਸ਼ ਅਤੇ ਲੰਗਰ ਦਾ ਲੋੜ ਅਨੁਸਾਰ ਪ੍ਰਬੰਧ ਕੀਤਾ ਜਾਵੇਗਾ ਜੀ।

5 ਜੁਲਾਈ ਸ਼ਾਮ 7 ਤੋਂ 9.30 ਵਜੇ ਤੱਕ ਕੀਰਤਨ ਸਮਾਗਮ ਗੁ: ਸਿੰਘ ਸਭਾ, ਮਾਡਲ ਟਾਊਨ ਵਿਖੇ ਹੋਣਗੇ।

**ਨਾਰੰਗਵਾਲ ਵਿਖੇ ਦਿਵਸ ਸੁਹੇਲਾ ਸਮਾਗਮ**
**14 ਜੁਲਾਈ ਐਤਵਾਰ ਸਵੇਰ ਤੋਂ ਦੁਪਹਿਰ ਤੱਕ**

**ਅਖੰਡ ਕੀਰਤਨੀ ਜੱਥਾ ਲੁਧਿਆਣਾ**

**ਸਮੂਹ ਪ੍ਰੀਵਾਰ ਭਾਈ ਸਾਹਿਬ ਰਣਧੀਰ ਸਿੰਘ ਟਰੱਸਟ**

ਸੰਪਰਕ - 9855998893, 9357136811, 9592200929, 9815156014 9814498011, 9815611924



# ਸਾਲਾਨਾ ਅਖੰਡ ਕੀਰਤਨ ਸਮਾਗਮ

ਮਿਤੀ 14.06.2024 ਤੋਂ 16.06.2024 ਤੱਕ ਗੁਰਦੁਆਰਾ ਤਪੋਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ (ਟਰੱਸਟ) ਕੁਮਾਰਹੱਟੀ ਵਿਖੇ ਹੋਣਗੇ। ਸੰਗਤਾਂ ਪ੍ਰਤੀ ਪ੍ਰੇਮ ਸਾਹਿਤ ਬੇਨਤੀ ਹੈ ਕਿ ਸਮਾਗਮ ਵਿੱਚ ਹਾਜਰੀਆਂ ਭਰਕੇ ਖੁਸ਼ੀਆਂ ਲਈਆਂ ਜਾਣ ਤੇ ਇਸ ਪੱਵਿਤਰ ਸਥਾਨ ਤੇ ਦਰਸ਼ਨ ਪਰਸਨ ਕਰਕੇ ਅਪਣਾ ਜੀਵਨ ਸਫਲਾ ਕੀਤਾ ਜਾਵੇ। ਜਿਸ ਦੇ ਪ੍ਰਬੰਧਕ ਅਤੀ ਰਿਣੀ ਤੇ ਧੰਨਵਾਦੀ ਹੋਣਗੇ।

| | |
|---|---|
| 14 ਜੂਨ 2024<br>ਦਿਨ ਸ਼ੁਕਰਵਾਰ | ਕੀਰਤਨ ਸ੍ਰੀ ਆਸਾ ਦੀ ਵਾਰ ਸਵੇਰੇ 6.00 ਵਜੇ ਤੋਂ ਲੈ ਕੇ 9 ਵਜੇ ਤੱਕ, ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ |
| 15 ਜੂਨ 2024<br>ਦਿਨ ਸ਼ਨੀਵਾਰ | ਅਖੰਡ ਕੀਰਤਨ ਸ਼ਾਮ ਨੂੰ 5.00 ਵਜੇ ਤੋਂ ਰਾਤ 9.00 ਵਜੇ ਤੱਕ, ਗੁਰਦੁਆਰਾ ਸਾਹਿਬ ਡਗਸ਼ਈ |
| 16 ਜੂਨ 2024<br>ਦਿਨ ਐਤਵਾਰ | ਭੋਗ ਸ੍ਰੀ ਅਖੰਡ ਪਾਠ ਸਾਹਿਬ ਅੰਮ੍ਰਿਤ ਵੇਲੇ 5.00 ਵਜੇ, ਉਪਰੰਤ ਦਿਵਸ ਸੁਹੇਲਾ ਅਖੰਡ ਕੀਰਤਨ ਦੁਪਿਹਰ 2.30 ਵਜੇ ਤੱਕ ਗੁਰਦੁਆਰਾ ਤਪੋਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ (ਟਰੱਸਟ) ਕੁਮਾਰਹੱਟੀ |

ਅੰਮ੍ਰਿਤ ਵੇਲਾ 15 ਜੂਨ ਅਤੇ 16 ਜੂਨ 2024 ਨੂੰ ਸਵੇਰੇ 12 ਵਜੇ ਤੋਂ 3 ਵਜੇ ਤਕ ਗੁਰਦੁਆਰਾ ਤਪੋਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ (ਟਰੱਸਟ) ਕੁਮਾਰਹੱਟੀ ਵਿਖੇ ਹੋਣਗੇ।

ਨੋਟ: 16 ਜੂਨ 2024 ਨੂੰ ਕੀਰਤਨ ਸਮਾਗਮ ਦਾ ਸਿੱਧਾ ਪ੍ਰਸਾਰਣ www.akj.org ਤੇ ਕੀਤਾ ਜਾਵੇਗਾ

## ਦਾਸਰੇ - ਅਖੰਡ ਕੀਰਤਨੀ ਜੱਥਾ (ਰਜਿ.) ਚੰਡੀਗੜ੍ਹ

ਸੰਪਰਕ - 9814300245, 7528900045, 8708958920, 7986979969, 7973693197, 9897004111, 8526048000

## ਕੇਂਦਰੀ ਸਾਲਾਨਾ ਅੰਖਡ ਕੀਰਤਨ ਸਮਾਗਮ

### ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸ਼ਿਮਲਾ

ਹਰ ਸਾਲ ਦੀ ਤਰ੍ਹਾਂ ਸ਼ਿਮਲਾ ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 25.07.2024 ਤੋਂ ਲੈ ਕੇ 28.07.2024 ਤਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸ਼ਿਮਲਾ ਵਿਖੇ ਹੋ ਰਹੇ ਹਨ, ਜਿਸਦਾ ਵੇਰਵਾ ਅਗਲੇ ਪਰਚੇ ਵਿੱਚ ਦਿੱਤਾ ਜਾਵੇਗਾ ਜੀ।ਸੰਗਤਾਂ ਨੋਟ ਕਰ ਲੈਣ ਜੀ।

**ਦਾਸਰੇ : ਅਖੰਡ ਕੀਰਤਨ ਜੱਥਾ (ਰਜਿ.) ਚੰਡੀਗੜ੍ਹ।**

**ਮੋਬਾਇਲ : 98143-00245, 7528900045, 8708958920**

## ਕੇਂਦਰੀ ਸਾਲਾਨਾ ਅੰਖਡ ਕੀਰਤਨ ਸਮਾਗਮ

### ਗੋਬਿੰਦ ਨਗਰ,ਅੰਬਾਲਾ ਛਾਉਣੀ ਵਿਖੇ

**15, 16, 17 ਅਤੇ 18 ਅਗਸਤ 2024**

**ਦਿਵਸ ਸੁਹੇਲਾ ਅਤੇ ਰੈਣ ਸਬਾਈ ਕੀਰਤਨ 17 ਅਗਸਤ ਸ਼ਨਿਵਾਰ 2024**

**ਦਾਸਰੇ - ਅਖੰਡ ਕੀਰਤਨੀ ਜੱਥਾ, ਅੰਬਾਲਾ ਛਾਉਣੀ**

**9416094103, 9306821003, 9416551851**

## ਕੇਂਦਰੀ ਸਾਲਾਨਾ ਅੰਖਡ ਕੀਰਤਨ ਸਮਾਗਮ

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ**

**22 ਅਗੱਸਤ 2024 ਤੋਂ 25 ਅਗੱਸਤ 2024 ਤੱਕ**

**ਗੁਰਦੁਆਰਾ ਅਸਥਾਪਨ ਕਮੇਟੀ, ਸੈਕਟਰ 22, ਚੰਡੀਗੜ੍ਹ**

**ਦਾਸਰੇ - ਅਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ**

**9814300245, 7528900045, 8708958920**

## ਤਹਾ ਬੈਕੁੰਠ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥



















ਹਰ ਸਾਲ ਦੀ ਤਰ੍ਹਾਂ 13 ਸ਼ਹੀਦ ਸਿੰਘਾਂ ਦੀ ਸ਼ਹਾਦਾਤ ਅਤੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 09.04.2024 ਤੋਂ ਲੈ ਕੇ 14.04.2024 ਸਵੇਰ ਤਕ ਅਖੰਡ ਕੀਰਤਨੀ ਜੱਥਾ, ਅੰਮ੍ਰਿਤਸਰ ਵੱਲੋਂ ਅੰਮ੍ਰਿਤਸਰ ਦੇ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਨਾ ਜੀਵਨ ਸਫਲ ਕੀਤਾ, ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

Registered with the Registrar
of News Papers of India
Regd. No. R-70727/99

ATAM RANG
June - 2024

Postal Regd. No.
CHDG/0025/2024-26

# ਭਲੋ ਭਲੋ ਰੇ ਕੀਰਤਨੀਆ ॥








ਸਤਿਗੁਰ ਸੱਚੇ ਪਾਤਸ਼ਾਹ ਜੀ ਧੰਨ ਧੰਨ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਤੇ ਨਵੇਂ ਘਰ ਦੇ ਸ਼ੁਕਰਾਨੇ ਦੀਆਂ ਅਰਦਾਸਾਂ ਤੇ ਧੰਨਵਾਦ ਲਈ 10 ਮਈ 2024 ਦਿਨ ਸ਼ੁਕਰਵਾਰ ਰਾਤ ਨੂੰ ਭਾਈ ਜੋਰਾਵਰ ਸਿੰਘ ਜੀ ਦੇ ਗ੍ਰਹਿ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੰਗਤਾਂ ਵੱਲੋਂ ਅਖੰਡ ਕੀਰਤਨ ਸਮਾਗਮ ਹੋਏ।

Printed By: Jai Offset Printers Chd. 0172-4616905